ਹਿਤ ਸਰੋਤ

ਨਵੰਬਰ 2005

ਜਿਸ ਆਤਮਾ ਦੇ ਅੰਦਰ ਨੇਚਰ ਦੇ ਕਿਸੇ ਸਬੰਧੀ ਦੇ ਸਬੰਧ ਵਿੱਚ ਆਪਣੀ ਕਿਸੇ
ਨੀਚ ਗਤੀ ਦੇ ਲਈ ਕੋਈ ਆਘਾਤ ਜਾਂ ਕਲੇਸ਼ ਨਾ ਹੁੰਦਾ ਹੋਵੇ ਅਤੇ
ਕਿਸੇ ਬੁਰਾਈ ਜਾਂ ਅਹਿੱਤ ਦੇ ਉਤਪੰਨ ਹੋਣ ਨਾਲ ਉਸ ਦੇ
ਹਿਰਦੇ ਤੇ ਕੋਈ ਚੋਟ ਨਾ ਲਗਦੀ ਹੋਵੇ ਅਤੇ ਉਹ ਕਦੇ
ਬੇਚੈਨ ਤੇ ਬੇਕਰਾਰ ਨਾ ਹੁੰਦਾ ਹੋਵੇ, ਉਸ ਦੇ
ਜਿਉਣ ਦੀ ਕੋਈ ਆਸ਼ਾ ਨਹੀਂ। ਹਾਂ,
ਉਸ ਦਾ ਵਿਨਾਸ਼ ਹੋ ਜਾਣਾ
ਲਾਜ਼ਮੀ ਹੈ।

— ਦੇਵ ਆਤਮਾ

ਪਰਮ ਪੂਜਨੀਕ ਭਗਵਾਨ ਦੇਵਆਤਮਾ ਦਾ 155ਵਾਂ ਸ਼ੁਭ ਜਨਮ ਮਹੋਤਸਵ ਮੁਬਾਰਕ

ਜਿਸ ਤਰ੍ਹਾਂ ਕਿ ਪਹਿਲਾਂ ਸੂਚਿਤ ਕੀਤਾ ਜਾ ਚੁੱਕਿਆ ਹੈ ਪਰਮ ਪੂਜਨੀਕ ਭਗਵਾਨ ਦੇਵਆਤਮਾ ਦਾ ਸ਼ੁਭ ਜਨਮ ਮਹੋਤਸਵ ਬਿਲਕੁਲ ਨਿਕਟ ਆ ਰਿਹਾ ਹੈ। ਇਸ ਸਾਲ ਇਹ ਪਰਮ ਪੂਜਨੀਕ ਭਗਵਾਨ ਦੇਵਆਤਮਾ ਦਾ 155ਵਾਂ ਸ਼ੁਭ ਜਨਮ ਮਹੋਤਸਵ ਹੈ। ਇਹ ਹਰ ਸਾਲ ਦੀ ਤਰ੍ਹਾਂ ਇਸ ਸਾਲ ਵੀ ਪੂਰੀ ਸ਼ਰਧਾ ਅਤੇ ਚਾਉ ਭਾਉ ਨਾਲ 14 ਦਸੰਬਰ ਤੋਂ 17 ਦਸੰਬਰ 2005 ਤੱਕ, ਸੈਕਟਰ 18 ਡੀ, ਚੰਡੀਗੜ੍ਹ ਧਰਮਸ਼ਾਲਾ ਵਿੱਚ ਪੂਰੀ ਧੂਮਧਾਮ ਨਾਲ ਮਨਾਇਆ ਜਾ ਰਿਹਾ ਹੈ। ਇਸ ਸਾਲ ਮਹੋਤਸਵ ਮੁਬਾਰਕ ਦੇ ਦਿਨ ਬੁੱਧਵਾਰ, ਵੀਰਵਾਰ, ਸ਼ੁਕਰਵਾਰ ਤੇ ਸ਼ਨਿੱਚਰਵਾਰ ਹਨ।

ਸਭ ਸਾਥੀ ਸੇਵਕਾਂ ਤੇ ਹੋਰ ਸੰਬੰਧਿਤ ਜਨਾਂ ਨੂੰ ਨਿਵੇਦਨ ਹੈ ਕਿ ਉਹ ਇਸ ਸ਼ੁਭ ਅਵਸਰ ਤੇ ਜਰੂਰ ਪਧਾਰਣ ਅਤੇ ਹੁਣ ਤੋਂ ਹੀ ਇਸ ਸੰਬੰਧ ਵਿੱਚ ਤਿਆਰੀਆਂ ਸ਼ੁਰੂ ਕਰ ਦੇ ਣ ਤੇ ਆਪਣੀ ਛੁੱਟੀ ਆਦਿ ਦਾ ਪੱਕਾ ਪ੍ਰਬੰਧ ਕਰ ਲੈਣ।

16 ਨਵੰਬਰ ਨੂੰ ਪਰਮ ਪੂਜਨੀਕ ਭਗਵਾਨ ਦੇਵਆਤਮਾ ਦੇ ਸੰਬੰਧ ਵਿੱਚ ਖਾਸ ਸਾਧਨਾਂ ਦੇ ਦਿਨ ਸ਼ੁਰੂ ਹੁੰਦੇ ਹਨ। ਇਸ **ਆਰੰਭਿਕ** ਦਿਨ ਨੂੰ ਭੀ ਪੂਰੇ ਚਾਉ ਅਤੇ ਉਤਸਾਹ ਨਾਲ ਥਾਂ ਥਾਂ ਤੇ ਮਨਾਉਣਾ ਚਾਹੀਦਾ ਹੈ।

ਮਹੋਤਸਵ ਤੋਂ ਲਾਭ ਉਠਾਉਣ ਲਈ ਆਪਣੇ ਹਿਰਦਿਆਂ ਨੂੰ ਤਿਆਰ ਕਰਨ ਦਾ ਖਾਸ ਖਿਆਲ ਰੱਖਣ। ਹੁਣ ਤੋਂ ਹੀ ਪਰਮ ਪੂਜਨੀਕ ਭਗਵਾਨ ਦੇਵਆਤਮਾ ਦੇ ਅਦੁੱਤੀ ਜੀਵਨ ਦੇ ਸੰਬੰਧ ਵਿਚ ਪਾਠ ਅਤੇ ਵਿਚਾਰ ਸ਼ੁਰੂ ਕਰ ਦੇਣ। ਜੀਵਨ ਕਥਾਵਾਂ, ਆਤਮ ਕਥਾ, ਮੁਝ ਮੇਂ ਦੇਵ ਜੀਵਨ ਕਾ ਵਿਕਾਸ (ਭਾਗ-1, ਭਾਗ-2) ਅਤੇ ਅਦੁਤੀ ਤਿਆਗਾਂ ਦਾ ਪਾਠ ਖਾਸ ਤੌਰ ਤੇ ਉਪਯੋਗੀ ਅਤੇ ਹਿਤਕਰ ਹੋ ਸਕਦਾ ਹੈ। ਐਤਵਾਰ ਦੇ ਦਿਨ ਪੂਜਾ ਦੇ ਸਾਧਨਾਂ ਤੋਂ ਪਹਿਲਾਂ ਹਾਲਾਤ ਅਨੁਸਾਰ ਪ੍ਰਭਾਤ ਫੇਰੀਆਂ ਕੱਢਣ ਜਾਂ ਦੇ ਵਆਤਮਾ ਦੀ ਮਹਿਮਾਂ ਦੇ ਗੀਤ ਗਾਉਣ ਦੇ ਸਾਧਨ ਹੋ ਸਕਦੇ ਹਨ।

ਗੁਰੂ ਮਹਾਰਾਜ ਅਤੇ ਉਹਨ੍ਹਾਂ ਦੀ ਸਮਾਜ ਨਾਲ ਜੁੜਕੇ ਆਪਣਾ ਅਤੇ ਆਪਣੇ ਪਰਿਵਾਰ ਦਾ ਜੋ ਹਿਤ ਸਾਧਨ ਹੋਇਆ ਹੈ, ਉਸ ਤੇ ਚਿੰਤਨ ਅਤੇ ਉਪਕਾਰ ਸਿਮਰਣ ਲਿਖਣ ਦਾ ਸਾਧਨ ਕਰਕੇ ਆਪਣਾ ਭਲਾ ਕਰ ਸਕਦੇ ਹਾਂ।

ਦੂਜਿਆਂ ਪਾਸ ਭਗਵਾਨ ਦੇਵ ਆਤਮਾ ਦੀ ਮਹਿਮਾ ਦਾ ਬਿਆਨ ਕਰਕੇ, ਉਹਨ੍ਹਾਂ ਨੂੰ ਮਹੋਤਸਵ ਤੋਂ ਲਾਭ ਉਠਾਉਣ ਲਈ ਤਿਆਰ ਕਰੋ। ਦੂਜਿਆਂ ਦੇ ਪਾਪ ਛੁਡਾਉਣ ਦਾ ਸਾਧਨ ਆਦਿ ਕਰਨ ਅਤੇ ਉਹਨਾਂ ਤੱਕ ਸਮਾਜ ਦੀਆਂ ਪੁਸਤਕਾਂ ਅਤੇ ਪੱਤਰਕਾਵਾਂ ਪਹੁੰਚਾਉਣ ਦਾ ਸਾਧਨ ਕਰਕੇ ਆਪਣਾ ਭਲਾ ਕਰ ਸਕਦੇ ਹਾਂ।

ਸੱਚਾ ਸੇਵਕ, ਸੱਚਾ ਸ਼ਰਧਾਵਾਨ ਸੇਵਕ ਕਦੇ, ਕਿਸੇ ਕੀਮਤ ਤੇ ਵੀ ਇਸ ਸ਼ੁਭ ਅਵਸਰ ਤੋਂ ਵੰਚਿਤ ਨਹੀਂ ਰਹਿਣਾ ਚਾਹੇਗਾ। ਕਿਉਂਕਿ ਇਹ ਸਾਡੀ ਸੇਵਕੀ ਦੀ ਪ੍ਰਤਿਗਿਆ ਵਿੱਚ ਵੀ ਸ਼ਾਮਿਲ ਹੈ। ਇਸ ਲਈ ਹੁਣ ਤੋਂ ਹੀ ਆਪਣੇ ਪਰਿਵਾਰਿਕ ਜਨਾਂ ਨੂੰ ਵੀ ਇਸ ਸ਼ੁਭ ਅਵਸਰ ਤੋਂ ਲਾਭ ਉਠਾਉਣ ਲਈ ਹਿਤਕਰ ਸੰਗਰਾਮ ਸ਼ੁਰੂ ਕਰ ਦੇਣਾ ਚਾਹੀਦਾ ਹੈ। ਆਪਣੇ ਹਾਲਾਤ ਅਨੁਸਾਰ ਨਵੇਂ ਕਪੜੇ ਬਨਾਉਣ ਦਾ ਪ੍ਰਬੰਧ ਕਰੀਏ ਅਤੇ ਖਾਸ ਤੋਰ ਤੇ **ਏਕਾਕਾਰੀ** ਤਿਆਰ ਕਰਕੇ ਆਪਣੇ ਨਾਲ ਲੈਕੇ ਆਉ।

ਇਹ ਅਵਸਰ ਅਤਿਅੰਤ ਹਿਤਕਰ ਅਤੇ ਅਦੁੱਤੀ ਅਵਸਰ ਹੈ। ਇਸ ਸ਼ੁਭ ਅਵਸਰ ਤੇ ਜੋ ਰੋਸ਼ਨੀ ਅਤੇ ਤੇਜ ਭਰੇ ਅਦੁੱਤੀ ਪ੍ਰਭਾਵ ਪ੍ਰਾਪਤ ਹੁੰਦੇ ਹਨ, ਇਹ ਸਾਰੇ ਸੰਸਾਰ ਤੋਂ ਅਦੁੱਤੀ ਵਸਤੂ ਹਨ। ਇਹਨਾਂ ਪ੍ਰਭਾਵਾਂ ਨਾਲ ਸਾਡਾ ਹਿਤ ਅਟਲ ਰੂਪ ਨਾਲ ਜੁੜਿਆ ਹੋਇਆ ਹੈ। ਹੁਣ ਅਤੇ ਭਵਿੱਖ ਵਿੱਚ ਵੀ ਜੋ ਸਾਡਾ ਹਿਤ ਹੋਵੇਗਾ, ਉਹ ਇਹਨਾਂ ਮਹਾ ਦੁਰਲਭ ਦੇਵ ਪ੍ਰਭਾਵਾਂ ਨਾਲ ਹੀ ਹੋਵੇਗਾ। ਕੋਈ ਅਨੁਮਾਨ ਨਹੀਂ ਲਗਾ ਸਕਦਾ ਕਿ ਕਿਸ ਨੂੰ ਕਿਨਾਂ ਲਾਭ ਹੋ ਸਕਦਾ ਹੈ। ਸਾਡੇ ਜੀਵਨਾਂ ਦੇ ਤਖ਼ਤੇ ਇਹਨਾਂ ਦੁਰਲਭ ਦੇਵ ਪ੍ਰਭਾਵਾਂ ਦੁਆਰਾ ਹੀ ਪਲਟੇ ਹਨ।

ਇਸ ਲਈ ਬਾਰ ਬਾਰ ਇਹ ਨਮਰ ਨਿਵੇਦਨ ਹੈ ਕਿ ਸਾਡੇ ਵਿਚੋਂ ਕੋਈ ਵੀ ਜਨ ਇਸ ਮਹਾ ਸੁਭਾਗ ਤੋਂ ਵੰਚਿਤ ਨ ਰਹੇ। ਧੰਨਵਾਦੀ ਹੋਵਾਂਗਾ।

(ਮੰਤਰੀ)

ਹਿਤ ਸਰੋਤ

ਖੰਡ–18 ਨਵੰਬਰ 2005 **ਸੰਪਾਦਕ :**

ਅੰਕ –7 ਸਲਾਨਾ ਚੰਦਾ 50 ਰੁਪਈਏ **ਬਲਦੇਵ ਸਿੰਘ**

ਹਿਤ ਸਰੋਤ *ਦਸੰਬਰ 2005*
ਹਿਤ ਸਰੋਤ *ਦਸੰਬਰ 2005*
ਹਿਤ ਸਰੋਤ *ਦਸੰਬਰ 2005*
ਹਿਤ ਸਰੋਤ *ਦਸੰਬਰ 2005*
ਹਿਤ ਸਰੋਤ *ਦਸੰਬਰ 2005*
ਹਿਤ ਸਰੋਤ *ਦਸੰਬਰ 2005*
ਹਿਤ ਸਰੋਤ *ਦਸੰਬਰ 2005*
ਹਿਤ ਸਰੋਤ *ਦਸੰਬਰ 2005*
ਹਿਤ ਸਰੋਤ *ਦਸੰਬਰ 2005*
ਹਿਤ ਸਰੋਤ *ਦਸੰਬਰ 2005*
ਹਿਤ ਸਰੋਤ *ਦਸੰਬਰ 2005*
ਹਿਤ ਸਰੋਤ *ਦਸੰਬਰ 2005*
ਹਿਤ ਸਰੋਤ *ਦਸੰਬਰ 2005*
ਹਿਤ ਸਰੋਤ *ਦਸੰਬਰ 2005*
ਹਿਤ ਸਰੋਤ *ਦਸੰਬਰ 2005*
ਹਿਤ ਸਰੋਤ *ਦਸੰਬਰ 2005*
ਹਿਤ ਸਰੋਤ *ਦਸੰਬਰ 2005*
ਹਿਤ ਸਰੋਤ *ਦਸੰਬਰ 2005*

ਮਾਨਵਤਾ ਨਹੀਂ, ਇਹ ਹੋਰ ਵੀ ਬਹੁਤੇ ਨੀਚ ਸੁਖਾਂ ਦੀ ਗੁਲਾਮ ਹੈ। ਉਨ੍ਹਾਂ ਦੀ ਗੁਲਾਮੀ ਉਕਤ ਪਸ਼ਾਚ ਲੀਲਾ ਨੂੰ ਹੋਰ ਵਧੇਰੇ ਪਰਚੰਡ ਕਰੀ ਜਾ ਰਹੀ ਹੈ।

ਮਨੁੱਖ ਜੀਭਾ ਦੇ ਸਵਾਦ ਦਾ ਰਸੀਆ ਬਣਿਆਂ ਹੋਇਆ ਹੈ। ਇਸ ਲਈ ਚਾਟਾਂ, ਮਸਾਲਿਆਂ, ਟਿੱਕੀਆਂ- ਸਮੋਸਿਆਂ ਬਰਗਰਾਂ, ਪੀਜ਼ਿਆਂ, ਮਿਠਾਈਆਂ ਦਾ ਰਸ ਲੈਣ ਲਈ ਘਰੋਂ ਬਾਹਰ ਖਾਣਿਆ ਤੇ ਲੱਟੂ ਹੋ ਰਿਹਾ ਹੈ। ਏਥੇ ਹੀ ਬਸ ਨਹੀਂ ਉਹ ਜੀਭਾਂ ਦੇ ਸਵਾਦ ਲਈ ਮਾਸਾਹਾਰੀ ਸ਼ਿਕਾਰੀ ਬਣ ਰਿਹਾ ਹੈ। ਮਨੁੱਖ ਦੀ ਇਹ ਗੁਲਾਮੀ ਪਸ਼ੂ ਜਗਤ ਦੇ ਜੀਵਾਂ, ਪਸ਼ੂਆਂ ਪੰਛੀਆਂ ਦੇ ਉਤੇ ਅਸੀਮ ਅਨਰਥ ਕਰੀ ਜਾ ਰਹੀ ਹੈ। ਇਕ ਦਿਨ ਵਿੱਚ ਲਖਾਂ ਕਰੋੜਾਂ ਪਸ਼ੂ ਤੇ ਪੰਛੀ, ਬਿਨਾਂ ਕਿਸੇ ਵੀ ਕਸੂਰ ਤੋਂ ਮੌਤ ਦੇ ਘਾਟ ਉਤਾਰ ਦਿੱਤੇ ਜਾਂਦੇ ਹਨ। ਹਰ ਰੋਜ਼ ਦਿਨ ਚੜ੍ਹਦੇ ਨੂੰ ਖ਼ੂੰਨ ਦੇ ਖਾਲ ਵਗਾ ਦਿੱਤੇ ਜਾਂਦੇ ਹਨ। ਮੱਖੀਆਂ, ਕੁੱਤੇ ਬਿਲਿਆਂ, ਚੀਲਾਂ, ਗਿੱਧਾਂ ਦੀ ਮਨੁੱਖ ਚਾਲ ਚੱਲੀ ਜਾਂਦਾ ਹੈ। ਜੀਵਾਂ ਜੰਤੂਆਂ ਦਾ ਖ਼ੂੰਨ ਦੀ ਹੋਲੀ ਖੇਡ ਰਿਹਾ ਹੈ। ਮੁਲਕਾਂ ਸਲਤਨਤਾਂ ਦੇ ਵਾਲੀ ਹਕੂਮਤਾਂ ਦੇ ਹੈਡਾਂ ਤੱਕ ਦੇ ਹੱਥ ਨਿਰਦੋਸ਼ ਜੀਵਾਂ ਦੇ ਖ਼ੂਨ ਨਾਲ ਰੰਗੇ ਰਹਿੰਦੇ ਹਨ। ਪਸ਼ੂਆਂ ਪੰਛੀਆਂ ਦੇ ਦੁਖਾਂ ਦਰਦਾਂ ਦੀ, ਉਨ੍ਹਾਂ ਪਸ਼ੂਆਂ ਦੇ ਘਾਤ ਦੀ ਕਿਤੇ ਕੋਈ ਦਾਦ ਫਰਿਆਦ ਨਹੀਂ, ਕੋਈ ਕੋਰਟ ਕਚਰਿਹੀ ਨਹੀਂ।

ਸੈਕਸ ਤੇ ਲਿੰਗ ਤ੍ਰਿਸ਼ਨਾ, ਮਨੁੱਖ ਦੀ ਬੇ-ਹਦ ਵਡੀ ਕਮਜ਼ੋਰੀ ਹੈ। ਇਸ ਦੀ ਗੁਲਾਮੀ ਵਿੱਚ ਬੱਚਾ ਬੱਚਾ ਫੱਸਿਆ ਹੋਇਆ ਹੈ। ਇਸ ਨੀਚ ਸੁਖ ਦੀ ਗੁਲਾਮੀ ਨੇ ਮਨੁਖ ਨੂੰ ਦਰਿੰਦਿਆਂ ਵਾਂਗ ਬੇਰਹਿਮ ਤੇ ਬੁਚੱੜ ਬਣਾਇਆ ਹੋਇਆ ਹੈ। ਮਨੁੱਖ ਦੀ ਇਸ ਹਵਸ ਦਾ ਸ਼ਿਕਾਰ ਹੋ, ਆਏ ਦਿਨ ਲਖਾਂ, ਦੋ ਦੋ, ਚਾਰ ਚਾਰ ਸਾਲ ਦੀਆਂ ਤੇ ਕੁਝ ਹੋਰ ਵਡੇਰੀਆਂ ਮਾਸੂਮ ਬੱਚੀਆਂ ਦੇ ਬਲਾਤ-ਕਾਰ ਤੇ ਕਤਲਾਂ ਦੀਆਂ ਰੂਹ-ਕੰਬਾਊ ਘਟਨਾਵਾਂ, ਮਾਨਵੀ ਦਰਿੰਦਗੀ ਦਾ ਵਿਸ਼ਾਲ ਨੰਗਾ ਨਾਚ ਦਰਸ਼ਾਉਂਦੀਆਂ ਹਨ। ਮਾਨਵੀ ਇਸ ਵਹਿਸ਼ਤ ਦੀ ਭਿਆਣਕ ਲੀਲਾ ਨਾਲ ਹਰ ਰੋਜ਼ ਦੇ ਅਖਬਾਰ ਭਰੇ ਹੁੰਦੇ ਹਨ। 13-14 ਸਾਲਾਂ ਦੀਆਂ ਗਰੀਬ ਕੁੜੀਆਂ ਨੂੰ ਫਸਲਾ ਕੇ, ਧਮਕਾ ਕੇ, ਗੁਮਰਾਹ ਕਰਕੇ, ਉਨਾਂ ਤੇ ਅਕਹਿ ਜ਼ੁਲਮ ਕਰਕੇ, ਉਨਾਂ ਦਾ ਸਮੂਚਾ ਜੀਵਨ ਬਰਬਾਦ ਕਰਕੇ, ਉਨ੍ਹਾਂ ਅਬਲਾਵਾਂ ਤੇ ਉਹ ਜ਼ੁਲਮ ਢਾਏ ਜਾਂਦੇ ਹਨ, ਦੁਖ ਤਸੀਹੇ ਦਿੱਤੇ ਜਾਂਦੇ ਹਨ, ਉਨ੍ਹਾਂ ਨੂੰ ਦੇਸ਼ ਵਿਦੇਸ਼, ਮਾਂਪਿਆਂ ਤੋਂ ਕੱਚੀ ਉਮਰੇ ਤੋੜ ਕੇ ਬੇਚਿਆਂ ਜਾਂਦਾ ਹੈ, ਬੇ ਮੌਤ ਮਾਰਿਆ ਜਾਂਦਾ ਹੈ, ਇਸ ਸਾਰੀ ਸ਼ੈਤਾਨੀ ਕਰਤੂਤਾਂ ਦਾ ਚਿੱਤਰ ਖਿੰਚਣਾ ਕਿਸੇ ਦੀ ਵੀ ਸਮਰਥ ਵਿੱਚ ਨਹੀਂ ਹੈ।

ਧਨ ਧਰਤੀ ਦੇ ਪਿਆਰ ਨੇ, ਸਾਰੇ ਹੀ ਮਨੁੱਖ ਮਾਤਰ, ਇਸਤਰੀ, ਬੱਚੇ ਸਭ ਉਤੇ ਹੀ ਆਪਣਾ ਮੋਹਣੀ ਮੰਤਰ ਫੇਰਿਆ ਹੋਇਆ ਹੈ। ਹਰ ਕੋਈ ਧਨ ਧਰਤੀ ਜਾਇਦਾਦ ਤੇ ਪਦਾਰਥਾਂ ਦੇ ਗਹਿਰੇ ਮੋਹ ਵਿੱਚ ਜੱਕੜਿਆ ਹੋਇਆ ਹੈ। ਇਸ ਦੇ ਲੋਭ ਲਾਲਚ ਨੇ, ਪਿਓ ਪੁੱਤ ਨੂੰ, ਤੇ ਹੋਰ ਕਰੀਬੀ ਰਿਸ਼ਤਿਆਂ ਨੂੰ, ਇਕ ਦੂਜੇ ਦਾ ਸ਼ਤਰੂ ਬਨਾਇਆ ਹੋਇਆ ਹੈ। ਮਨੁੱਖ ਕਰੀਬੀ ਰਿਸ਼ਤਿਆਂ ਨੂੰ ਲੁੱਟਣ ਠੱਗਣ ਵਿੱਚ, ਅਤੇ ਕਮਜੋਰ ਨੂੰ ਖੋਹਣ ਖਿਜੰਣ ਵਿੱਚ ਪੂਰਾ ਰੱਤਿਆ ਹੋਇਆ ਹੈ। ਕਚਹਿਰੀਆਂ, ਕੋਰਟਾਂ, ਵਿੱਚ ਏਸੇ ਹਵਸ ਦੀ ਭਰਮਾਰ ਨੇ, ਮੁਕਦਮਿਆਂ ਦੇ ਹੜ ਲਿਆਂਦੇ ਹੋਏ ਹਨ। ਇਸ ਹਵਸ ਨੇ ਮਨੁਖ ਸਮਾਜ ਨੂੰ ਜੰਗਲੀ ਜਾਨਵਰਾਂ ਦੀ ਸਤਰ ਤੇ ਪਹੁੰਚਾਇਆ ਹੋਇਆ ਹੈ। Take what you can kill whome you can. ਮਨੁੱਖ ਆਦਮ ਖੋਰ ਬਣ ਰਿਹਾ ਹੈ, ਦੂਜਿਆਂ ਦੇ ਦੁਖ, ਦੂਜਿਆਂ ਦੀ ਹਾਨੀ, ਹੱਕ ਤਲਫੀ, ਦੂਜਿਆਂ ਦੀ ਸਾਦਾ-ਲੋਹੀ ਤੇ ਅਣਸਮਝੀ, ਦੂਜਿਆਂ ਦੀ ਆਹੋ-ਜਾਰੀ ਤੇ, ਮਨੁੱਖ ਆਪਣੇ ਸੁਖਾਂ ਦੇ ਮਹਿਲ ਉਸਾਰ ਰਿਹਾ ਹੈ। ਪਿਸ਼ਾਚਤ ਦੇ ਸਿਰ ਤੇ ਜਸ਼ਨ ਮਨਾ ਰਿਹਾ ਹੈ। ਇਕ ਦੂਜੇ ਦੀਆਂ ਜੇਬਾਂ ਵਿੱਚ ਹੱਥ ਪਸਾਰ ਰਿਹਾ ਹੈ, ਵਿਰੋਧ ਹੋਣ ਤੇ

ਹਥ ਇਕ ਦੂਜੇ ਦੇ ਗਲਾਂ ਨੂੰ ਜਾ ਫੜਦੇ ਹਨ। ਧੰਨ ਦੇ ਪਿਆਰ ਦਾ ਮੁਜਾਹਿਰਾ ਜੋ ਨਰਕ ਉਪਜਾਉਂਦਾ ਹੈ, ਉਸ ਨੂੰ ਬਿਆਨਿਆਂ ਨਹੀਂ ਜਾਂ ਸਕਦਾ।

ਆਪਸੀ ਸਬੰਧਾਂ ਵਿੱਚ ਜੋ ਅਨਮੇਲ, ਕੁੜਤਣ, ਟਕਰਾਹਟ, ਦੂਰੀ ਤੇ ਭੇੜ ਪਾਇਆ ਜਾਂਦਾ ਹੈ, ਉਸ ਦੀ ਭਿਆਣਕ ਲੀਲਾ ਰੋਜ ਅਖਬਾਰਾਂ ਵਿੱਚ ਛਪਦੀ ਹੈ। ਪਤੀ ਪਤਨੀ ਦੇ ਸਬੰਧ ਵਿਚ ਜੋ ਭਿਆਨਕ ਲੀਲਾ ਪਾਈ ਜਾਂਦੀ ਹੈ, ਜੋ ਕਲੇਸ਼, ਦੁਖ, ਅਨਰਥ, ਜਬਰ, ਜੁਦਾਈਆਂ, ਰੋਣ-ਧੋਣ ਚੀਖ਼ ਪੁਕਾਰ, ਮਾਰ-ਕੁਟ, ਗਾਲੀ-ਗਲੋਚ, ਆਕੜਾਂ-ਧੌਂਸਾ ਦੀ ਭਰਮਾਰ ਹੈ, ਉਸ ਨੂੰ ਪੂਰਾ ਪੂਰਾ ਬਿਆਨਿਆਂ ਨਹੀਂ ਜਾ ਸਕਦਾ। ਇਕ ਨੀਚ ਸਾਥੀ ਦਾ ਸਾਥ ਜਿਵੇਂ ਬੇ ਕਸੂਰੀਆਂ ਪਤਨੀਆਂ ਤੇ ਜ਼ੁਲਮ ਗੁਜਾਰਦਾ ਹੈ, ਉਸ ਦੇ ਸਾਰੇ ਜੀਵਨ ਨੂੰ ਬਰਬਾਦ ਕਰ ਦਿੰਦਾ ਹੈ, ਬੇ-ਵਫਾਈ ਦੇ ਤੀਰਾਂ ਨਾਲ ਬਿੰਨਦਾ ਹੈ, ਉਸ ਨੂੰ ਪੂਰਾ ਪੂਰਾ ਸ਼ਬਦ ਕਹਿ ਨਹੀਂ ਸਕਦੇ। ਤਲਾਕਾਂ ਤੇ ਉਨ੍ਹਾਂ ਤੋਂ ਪਿੱਛੋਂ ਮਾਸੂਮ ਬੱਚਿਆਂ ਤੇ ਜ਼ੁਲਮ ਤਸੀਹੇ, ਸਹਿਮ ਡਰ, ਜਾਂ ਅਬਲਾਂ ਮਾਵਾਂ ਉਤੇ ਨਹੱਕਾ ਅਸਹਿ ਭਾਰ, ਮਾਨਵੀ ਫਿਤਰਤ ਨੂੰ ਉਜਲਾ ਕੇ ਦਰਸ਼ਾ ਰਿਹਾ ਹੈ।

ਹੋਰ ਰਿਸ਼ਤਿਆਂ ਦਾ ਨਰਕ ਵਖਰਾ ਹੈ। ਮਾਂ ਪਿਓ ਤੇ ਪੁਤਾਂ-ਧੀਆਂ ਦੇ, ਭਰਾਵਾਂ ਭਰਾਂਵਾਂ ਤੇ ਭੈਣਾਂ ਦੇ ਤੇ ਹੋਰ ਨੇੜ ਦੇ ਸਾਕਾਂ ਸੰਬੰਧੀਆਂ ਦੇ ਰਿਸ਼ਤਿਆਂ ਵਿੱਚ ਜੋ ਰੁਖਾ-ਪਣ, ਕੌੜਾ-ਪਣ, ਅਣ-ਬਣ, ਟਕਰਾਹਟ, ਤੇ ਗੁੱਸੇ ਗਿਲੇ ਤੇ ਰੁਸੇਂਵੇ ਤੇ ਹੋਰ ਦੁਖ ਦਰਦ ਭਰਿਆ ਹੋਇਆ ਹੈ, ਉਸ ਸਭ ਨੂੰ ਵਿਚਾਰਿਆ ਜਾਵੇ ਤਾਂ ਇਕ ਮਹਾਂ ਭਿਆਣਕ ਦੁਨੀਆਂ ਦੇਖਣ ਨੂੰ ਮਿਲਦੀ ਹੈ। ਮਨੁੱਖ ਦੇ ਅਹੰ ਪ੍ਰੇਮ, ਸਵਾਰਥ, ਗੁੱਸੇ, ਈਰਖਾ ਦੇਵਸ਼, ਮੋਹ ਦੇ ਪਿਆਰ ਨੇ ਜੋ ਨਰਕ ਉਪਜਾਇਆ ਹੋਇਆ ਹੈ, ਉਸ ਨੂੰ ਏਥੇ ਬਿਆਨ ਨਹੀਂ ਕੀਤਾ ਜਾ ਸਕਦਾ।

ਉਕਤ ਨਰਕ ਵਿੱਚ ਮਾਨਵਤਾ ਨੂੰ ਬੁਰੀ ਤਰ੍ਹਾਂ ਫਾਤੀ ਵੇਖ ਕੇ ਮਹਾਂ ਪੁਰਖਾਂ, ਦੂਰ ਦਰਿਸ਼ਟੀ ਵਾਲੇ ਮਨੁਖਾਂ ਨੇ ਕਿਹਾ ਹੈ, ਕਿ ਦੁਨੀਆਂ ਦੁਖਾਂ ਦਾ ਘਰ ਹੈ, ਘਰ -ਘਰ ਅੱਗ ਲੱਗੀ ਹੋਈ ਹੈ।

ਦੁਖ ਤੇ ਨਾਸ਼ ਕਿਸੇ ਵੀ ਜੀਵ ਨੂੰ ਤੇ ਮਨੁਖ ਨੂੰ ਨਾ ਤਾਂ ਪਸੰਦ ਹੈ ਤੇ ਨਾ ਹੀ ਗਵਾਰਾ ਹੈ। ਇਸ ਤੋਂ ਬਚਨ ਲਈ ਮਨੁੱਖ ਮਾਰਿਆ ਮਾਰਿਆ ਫਿਰਦਾ ਹੈ। ਬੁਰੀ ਤਰ੍ਹਾਂ ਬੇ-ਤਾਬ ਹੈ। ਮਨੁੱਖ ਦੇ ਦੁਖਾਂ ਦੇ ਡਰ ਨੇ ਧਰਮਾਂ ਨੂੰ, ਪੂਜਾ-ਪਾਠਾਂ, ਸਿਮਰਣ ਜਾਪਾਂ, ਦੁਆਵਾਂ ਅਰਦਾਸਾਂ, ਤੀਰਥਾਂ, ਹਜਾਂ, ਇਸਨਾਨਾਂ, ਭੇਟਾਂ ਨੂੰ ਜਨਮ ਦਿੱਤਾ ਹੈ। ਮਨੁੱਖ ਆਪਣੇ ਦੁੱਖਾਂ ਤੋਂ ਡਰਦਾ ਉਕਤ ਸਾਧਾਂ ਵਿੱਚ ਰੱਤਾ ਹੋਇਆ ਹੈ। ਉਹ ਸਮਝਦਾ ਹੈ ਕਿ ਮੇਰੇ ਸਭ ਦੁੱਖ ਸੰਤਾਪ, ਪਰਮਾਤਮਾ ਜਾਂ ਦੇਵੀ-ਦੇਵਤਿਆਂ ਦੀ ਦੇਣ ਹੈ। ਜੇ ਉਹ ਖੁਸ਼ ਹੋ ਗਏ ਤਾਂ ਉਹ ਮੇਰੇ ਸਭ ਦੁਖ ਕਸ਼ਟ ਹਰ ਲੈਣਗੇ। ਇਸ ਲਈ ਨਿਰੰਤਰ ਤੌਰ ਤੇ ਉਹ ਉਕਤ ਸਾਧਣਾਂ ਵਿੱਚ ਮਸਤ ਹੈ ਅਤੇ ਆਪਣੇਪਰਮਾਤਮਾ ਜਾਂ ਹੋਰ ਇਸ਼ਟਾਂ ਨੂੰ ਖੁਸ਼ ਕਰਨ ਵਿੱਚ ਲੱਗਾ ਹੋਇਆ ਹੈ। ਸਦੀਆਂ ਤੋਂ ਇਹ ਸਾਧਨ ਜਾਰੀ ਹਨ, ਪਰ ਮਨੁਖ ਦੇ ਦੁੱਖ ਘੱਟਣ ਦੀ ਥਾਂ ਵੱਧ ਰਹੇ ਹਨ। ਹਾਂ ਇਕ ਇਸ਼ਟ ਤੋਂ ਜੇ ਮਨੋਰਥ ਸਿੱਧ ਨਹੀਂ ਹੁੰਦਾ ਤਾਂ ਮਨੁੱਖ ਹੋਰ ਇਸ਼ਟਾਂ ਵੱਲ ਮੂੰਹ ਕਰਨ ਲਗਦਾ ਹੈ। ਇਹ ਲੋੜ ਨਵੇਂ ਇਸ਼ਟ ਪੈਦਾ ਕਰ ਰਹੀ ਹੈ। ਨਵੇਂ ਧਰਮ ਪੈਦਾ ਹੁੰਦੇ ਜਾਂਦੇ ਹਨ। ਐਪਰ ਮਨੁੱਖੀ ਸਮਾਜ ਦਾ ਦੁੱਖ ਦੂਨ ਸਵਾਇਆ ਵੱਧਦਾ ਹੀ ਜਾਂਦਾ ਹੈ।

ਦੇਵ-ਆਤਮਾ ਸਤਿਗੁਰੂ ਨੇ ਮਾਨਵਤਾ ਦੀ ਭਿਆਣਕ ਦੁਖਾਂ ਨਰਕਾਂ ਵਿੱਚ ਫਾਥੀ ਅਵਸਥਾਂ ਨੂੰ ਅਤੇ ਉਸ ਦੇ ਸਹੀ ਕਾਰਨਾ ਨੂੰ ਦੇਖਿਆ ਹੈ। ਉਨ੍ਹਾਂ ਦੇਖਿਆ ਹੈ ਕਿ ਮਨੁੱਖ ਦੇ ਸਾਰੇ ਦੁਖਾਂ ਦਾ ਕਾਰਨ ਉਸ ਦੀ ਆਪਣੀ, ਨੀਚ ਸੁਖਾਂ ਦੀ ਆਸ਼ਿਕ ਪ੍ਰਕ੍ਰਿਤੀ ਹੈ, ਉਸ ਦੇ ਨੀਚ ਸੁਖਾਂ ਦੇ ਇਸ਼ਕ ਹਨ। ਉਨ੍ਹਾਂ ਇਸ਼ਕਾਂ ਦੀ ਪਰਕਿਰਤ ਹਾਲਤ ਨੂੰ ਆਪਣੇ ਅੰਦਰ ਦੇਖਣਾ ਅਤੇ ਉਨ੍ਹਾਂ ਇਸ਼ਕਾਂ ਤੋਂ ਮੁਕਤ ਹੋਣ ਨਾਲ, ਮਨੁੱਖ ਆਪ-

ਸਹੇੜੇ ਨਰਕਾਂ ਦੁਖਾਂ ਤੋਂ ਮੁਕਤ ਹੋ ਸਕਦਾ ਹੈ। ਹੋਰ ਕੋਈ ਦੇਵੀ-ਦੇਵਤਾ ਨਾ ਦੁੱਖ ਘਲਦਾ ਹੈ ਅਤੇ ਨਾ ਹਟਾ ਹੀ ਸਕਦਾ ਹੈ।

ਅੱਗੇ ਦੇਵ-ਆਤਮਾ ਨੇ ਦੱਸਿਆ ਹੈ, ਮਨੁੱਖ ਆਪਣੇ ਆਪ ਆਪਣੀ ਸੁਖਾਂ ਦੀ ਆਸ਼ਿਕ ਪਰਕ੍ਰਿਤੀ ਨੂੰ ਸਹੀ ਤੇ ਸਾਫ ਸਾਫ ਨਹੀਂ ਦੇਖ ਸਕਦਾ। ਨਾਂ ਹੀ ਉਹ ਆਪਣੇ ਆਪ, ਆਪ ਵਧਾਏ ਨੀਚ ਸੁੱਖਾਂ ਦੇ ਇਸ਼ਕਾਂ ਤੋਂ ਮੁਕਤ ਹੋ ਸਕਦਾ ਹੈ।

ਆਪਣੀ ਸੁਖਾਂ ਲੱਧੀ ਪ੍ਰਕ੍ਰਿਤੀ ਨੂੰ ਜਾਣਨਾ ਮਨੁੱਖ ਦੀ ਪਹੁੰਚ ਤੋਂ ਬਾਹਿਰ ਹੈ। ਉਹ ਆਪਣੇ ਆਪ ਨੂੰ ਠੀਕ ਠਾਕ, ਨਿਰਦੋਸ਼ ਅਤੇ ਸੁੰਦਰ ਹੀ ਦੇਖਦਾ ਹੈ। ਮਨੁੱਖ ਨੂੰ ਉਸ ਦੀ ਸੁਖਾਂ ਦੀ ਆਸ਼ਿਕ ਪ੍ਰਕ੍ਰਿਤੀ ਦਖਾਉਣ ਲਈ ਰੂਹਾਨੀ ਸਰਵ-ਉਚ-ਰੋਸ਼ਨੀ ਦੀ ਲੋੜ ਹੈ। ਉਹ ਰੂਹਾਨੀ ਰੋਸ਼ਨੀ ਦੇਵ-ਆਤਮਾ ਪਰਦਾਨ ਕਰਦੇ ਹਨ, ਜਿਸ ਨਾਲ ਮਨੁੱਖ ਦੀ ਨੀਚ ਸੁਖਾਂ ਦੀ ਭਿਆਣਕ ਪ੍ਰਕ੍ਰਿਤੀ ਰੋਸ਼ਨ ਹੋ ਉਠਦੀ ਹੈ। ਉਸ ਦੀ ਸਹੀ ਭਿਆਨਕ ਤਸਵੀਰ, ਮਾਰੂਤੇ ਵਿਨਾਸ਼ਕਾਰੀ, ਉਸ ਉਤੇ ਉਜਲ ਹੋ ਜਾਂਦੀ ਹੈ। ਉਸ ਨੂੰ ਵੇਖ ਕੇ ਮਨੁੱਖ ਉਸ ਗਲਤ ਰਸਤੇ ਤੋਂ ਬਚਨਾਂ ਚਾਹੁੰਦਾ ਹੈ। ਦੇਵ-ਆਤਮਾ ਮਨੁੱਖ ਨੂੰ ਨੀਚ ਸੁਖਾਂ ਦੇ ਇਸ਼ਕਾਂ ਤੋਂ ਬਚਨ ਦੇ ਲਈ ਬੜਾ ਰੂਹਾਨੀ ਬਲ ਵੀ ਪਰਦਾਨ ਕਰਦੇ ਹਨ। ਜਿਸ ਨਾਲ ਇਕ ਇਕ ਅਧਿਕਾਰੀ ਮਨੁੱਖ ਨੀਚ ਸੁਖਾਂ ਦੀ ਕੈਦ ਤੋਂ ਮੁਕਤ ਹੋਣ ਲੱਗਦਾ ਹੈ। ਆਪਣੀ ਅਸਲ ਹਾਲਤ ਨੂੰ ਵੇਖ ਕੇ, ਆਪਾ ਸੁਧਾਰ ਵਲ ਤੁਰਨ ਲਗਦਾ ਹੈ।

ਦੇਵ-ਆਤਮਾ ਨੇ ਉਕਤ ਨੀਚ ਸੁਖਾਂ ਦੇ ਇਸ਼ਕਾਂ ਵਿੱਚੋਂ ਹਜਾਰਾਂ, ਰੋਗੀ ਰੂਹਾਂ ਨੂੰ ਬਚਾਇਆ ਹੈ ਤੇ ਵਿਨਾਸ਼ ਹੁੰਦੀਆਂ ਜ਼ਿੰਦਗੀਆਂ, ਦੁਬਾਰਾ ਜੀਣ ਦੇ ਰਾਹ ਪਾਈਆਂ ਹਨ। ਉਨ੍ਹਾਂ ਦੇ ਭਿਆਣਕ ਪਾਪ ਭਰੇ ਜੀਵਨ ਸੁਧਾਰ ਕੇ ਸਮਾਜ ਸੇਵਾ ਦੇ ਨਿਸ਼ਕਾਮ ਕੰਮਾਂ ਵਿੱਚ ਲਾਇਆ ਹੈ। ਨਾਰਕੀ ਵਜੂਦ ਤੇ ਨਾਰਕੀ ਪਗਲੇ ਵਜੂਦਾਂ ਨੂੰ ਸਵਰਗੀ ਵਜੂਦ ਤੇ ਸਵਰਗੀ ਘਰਾਣੇ ਬਣਾਏ ਹਨ। ਦੇਵ-ਆਤਮਾ ਸਤਿਗੁਰੂ ਦੀ ਉਕਤ ਠੋਸ ਤੇ ਹਕੀਕੀ ਦੇਣ ਨੂੰ ਦੇਖਣਾ ਜਾਣਨਾ ਤੇ ਪਰਖਣਾ, ਹਰ ਆਪਣੇ ਭਲੇ ਦੇ ਲੋੜਵੰਦ ਵਿਅਕਤੀ ਲਈ ਅਤੀ ਜਰੂਰੀ ਹੈ। ਉਸ ਨੂੰ ਅਜਮਾ ਕੇ ਤੇ ਪਰਖ ਕੇ, ਉਸ ਨੂੰ 100% ਠੀਕ ਪਾ ਕੇ, ਉਸ ਤੋਂ ਆਪ ਵੱਧ ਤੋਂ ਵੱਧ ਲਾਭ ਪ੍ਰਾਪਤ ਕਰਨ ਦੀ, ਵਕਤ ਰਹਿੰਦੇ ਰਹਿੰਦੇ ਲੋੜ ਹੈ।

ਜ਼ਰੂਰੀ ਸੂਚਨਾ

ਜੇ ਤੁਸੀਂ ਹਿਤ ਸਰੋਤ ਲਈ ਕੋਈ ਲੇਖ ਭੇਜਣਾ ਹੋਵੇ, ਜਾਂ ਕੋਈ ਪਰਚਾ ਨਵਾਂ ਜਾਰੀ ਕਰਾਉਣਾ ਜਾਂ ਬੰਦ ਕਰਾਉਣਾ ਹੋਵੇ, ਚੰਦਾ ਭੇਜਣਾ ਹੋਵੇ, ਹੋਰ ਕੋਈ ਜਾਣਕਾਰੀ ਲੈਣੀ ਹੋਵੇ ਤਾਂ ਇਸ ਪਤੇ ਤੇ ਸੰਪਰਕ ਕਰੋ ।

ਸ਼੍ਰੀ ਮਾਨ ਬਲਦੇਵ ਸਿੰਘ,

House No. 3154, Sector 21-D, Chandigarh-160022,

Phone (95-172)-2716914

ਆਤਮਾ ਪਤਨ ਦਰਸ਼ਾਤਾ

ਦੇਵ ਰੂਪ ਤੇ ਚਿੰਤਨ

ਮਨੁੱਖ ਪਸ਼ੂ ਜਗਤ ਤੋਂ ਵਿਕਸਤ ਹੋਇਆ ਹੈ। ਇਹ ਬੁੱਧੀ ਜੀਵੀ ਹੋਣ ਤੇ ਭਾਸ਼ਾ ਵਾਨ ਹੋਣ ਦੀਆਂ ਯੋਗਤਾਵਾਂ ਲੈ ਕੇ, ਪਸ਼ੂ ਸ਼੍ਰੇਣੀ ਤੋਂ ਵੱਖ ਤੇ ਉੱਚ ਸ਼੍ਰੇਣੀ ਦਾ ਜੀਵ ਬਣ ਗਿਆ ਹੈ। ਏਸੇ ਲਈ ਇਸ ਨੂੰ ਅਸ਼ਰਫ-ਉਲ ਮਖਲੂਕਾਤ ਕਿਹਾ ਜਾਂਦਾ ਹੈ ਅਰਥਾਤ ਉਤਮ ਜੀਵ ਮੰਨਿਆਂ ਜਾਂਦਾ ਹੈ। ਮਨੁੱਖ ਪਸ਼ੂ ਪੱਧਰ ਤੋਂ ਉਠਿਆ ਹੈ ਤੇ ਬੁੱਧੀ ਭਾਸ਼ਾ ਦੇ ਵਿਕਾਸ ਦੁਆਰਾ ਅਨੰਤ ਯੋਗਤਾਵਾਂ ਦਾ ਸਵਾਮੀ ਬਣ ਰਿਹਾ ਹੈ। ਆਪਣਾ ਸਰੀਰਕ, ਮਾਨਸਿਕ, ਸਮਾਜਕ ਵਿਕਾਸ ਕਰ ਰਿਹਾ ਹੈ ਅਗੇ ਹੋਰ ਵੀ ਬਹੁਤ ਕੁਝ ਕਰ ਵੀ ਰਿਹਾ ਹੈ, ਅਤੇ ਸਦਾ ਕਰਦਾ ਰਹੇਗਾ। ਵਿਕਾਸ ਵਿਸ਼ਵ ਦਾ, ਭਾਵੇਂ ਟੇਡਾ ਮੇਡਾ, ਪਰ ਇਕ ਅਟਲ ਤੇ ਨਿਰੰਤਰ ਨੇਮ ਹੈ। ਇਸ ਨੂੰ ਅਜੇ ਆਪਣੇ ਅਧਿਆਤਮਕ ਪੱਖ ਦੀ ਨ ਬਹੁਤੀ ਲੋੜ ਮਹਿਸੂਸ ਹੋਈ ਹੈ, ਅਤੇ ਨਾ ਇਸ ਦਾ ਮਾਰਗ ਹੀ ਅਜੇ ਇਸ ਤੇ ਖੁਲ੍ਹਿਆ ਹੈ।

ਜਿਵੇਂ ਪਹਿਲੇ ਇਸ ਲੜੀ ਦੇ ਲੇਖਾਂ ਵਿੱਚ ਦੱਸਿਆ ਗਿਆ ਹੈ, ਇਸ ਉਪਰ ਅਜੇ ਆਤਮਕ ਜਗਤ ਨਹੀਂ ਖੁਲਿਆ। ਜਿਵੇਂ Atom ਦੀ ਦੁਨੀਆਂ ਉਸ ਤੋਂ ਸਦੀਆਂ ਛੁਪੀ ਰਹੀ ਹੈ, ਤੇ ਪਿਛਲੀ ਸਦੀ ਵਿੱਚ ਇਸ ਉਪਰ Atom ਦਾ ਵਿਸ਼ਾਲ ਜਗਤ ਖੁਲ੍ਹਿਆ ਹੈ। ਜਿਸ ਨਾਲ ਗਿਆਨ ਦਾ ਨਵਾਂ ਹੜ੍ਹ ਆਇਆ ਹੈ, ਤੇ ਉਸ ਨੇ ਵਿਗਿਆਨ, ਕਲਾ ਟੈਕਨਾਲੋਜੀ ਦੇ ਮਹਾਂ ਵਿਸ਼ਾਲ ਜਗਤਾਂ ਨੂੰ ਜਨਮ ਦਿੱਤਾ ਹੈ। Atom ਵਾਂਗ ਅਜੇ ਮਨੁੱਖ ਤੋਂ, ਆਪਣੀ ਹੀ ਹਸਤੀ ਦੀ ਮੁਖ ਤੇ ਮੂਲ ਤੇ ਸਾਰ ਵਸਤੂ ਆਤਮਾ ਦੀ ਦੁਨੀਆਂ ਨਹੀਂ ਖੁੱਲੀ। ਆਪਣੀ ਜੀਵਨੀ ਸ਼ਕਤੀ ਦਾ ਸੰਸਾਰ ਉਸ ਤੋਂ ਛੁਪਿੱਆ ਪਿਆ ਹੈ। ਉਸ ਦੇ ਭਲੇ ਬੁਰੇ ਤੋਂ, ਉਸ ਦੇ ਜੀਵਨ ਮਰਨ ਦੇ ਸਤਿ ਗਿਆਨ ਤੋਂ ਮਨੁੱਖ ਅਭਿਗ ਹੈ। ਵਿਗਿਆਨਕ ਵਿਧੀ ਦੇ ਅਵਸ਼ਕਾਰ ਤੋਂ ਸਖਣਾ ਮਨੁਖ ਕਲਪਨਾ ਦੇ ਘੋੜੇ ਹੀ ਭਜਾ ਸਕਦਾ ਹੈ ਤੇ ਉਹ ਉਹੀ ਭਜਾਉਂਦਾ ਰਿਹਾ ਹੈ। ਧਰਮ ਵੀ ਆਤਮਾ ਨੂੰ ਵੇ ਖ ਨਾਂ ਸਕੇ, ਉਹ ਕਲਪਨਾਵਾਂ ਦੇ ਹੀ ਵਾਸੀ ਰਹੇ। ਵਿਗਿਆਨ ਵਰੋਧੀ ਰਹੇ। ਏਸੇ ਲਈ ਸਚਾਈ ਤੋਂ ਕੋਸਾਂ ਪਰੇ ਰਹੇ।

ਧਰਮਾਂ ਨੇ creation ਦਾ ਢਕੌਂਸਲਾ ਕਲਪਿਆ, Evolution ਤੋਂ ਅਭਿਗ ਰਹੇ, ਤੇ ਉਸ ਨੂੰ ਨਕਾਰਿਆ। ਏਸੇ ਲਈ ਆਤਮਾ ਦੀ ਅੱਜ ਤਕ ਕੋਈ ਵੀ ਸੰਸਾਰੀ ਕਲਪਨਿਕ ਧਰਮ ਪ੍ਰਭਾਸ਼ਾ ਸੱਥਿਰ ਨਹੀਂ ਕਰ ਸਕਿਆ ਹੈ, ਨਾਂ ਹੀ ਸਦੀਆਂ ਪੁਰਾਣੇ ਮੁਤਬਰਕ ਗਰੰਥ ਕੁਝ ਠੋਸ ਜਾਣਕਾਰੀ ਦਿੰਦੇ ਹਨ। ਉਹ ਆਤਮਾ ਨੂੰ ਬਰ੍ਹਮ ਦਾ ਅੰਸ਼ ਦਸਦੇ ਹਨ, ਉਸ ਦਾ ਸਰੂਪ ਦਸਦੇ ਹਨ। ਉਸ ਦਾ ''ਨਾ ਕੋਈ ਬਾਪ ਨ ਕੋਈ ਮਾਇਆ ਇਹ ਪਰੰਪਰਾ ਹੋਤਾ ਆਇਆ'' ਮੰਨਦੇ ਨੇ। ਕੁਝ ਇਸ ਨੂੰ ਈਸ਼ਵਰ ਦਾ ਹੁਕਮ ਦਸਦੇ ਹਨ ਅਤੇ ਕੁੱਝ ਈਸ਼ਵਰ ਦੀ ਫੂਕ ਕਹਿੰਦੇ ਹਨ। ਏਸੇ ਲਈ ਇਸ ਨੂੰ ਨਿਰਲੇਪ, ਅਮਰ, ਅਵਿਨਾਸ਼ੀ, ਨੇਚਰ ਦੇ ਅਟੱਲ ਨੇਮਾਂ ਦੀ ਅਗਿਆਨਤਾ ਕਾਰਨ ਦਸਦੇ ਹਨ। ਰਬ ਵਾਂਗ ਉਸ ਨੂੰ ਹਾਨੀ ਲਾਭ ਤੇ ਨਾਸ਼ ਤੋਂ ਸਦਾ ਉਪਰ ਮੰਨਦੇ ਨੇ। -ਇਹ ਸਭ ਕੁੱਝ ਵਿਗਿਆਨ ਵਿਰੁੱਧ ਹੈ।

ਬਹੁਤੇ ਵੱਡੇ ਵੱਡੇ ਬੁੱਧੀ ਜੀਵੀ ਆਤਮਾ ਨਾਮ ਦੀ ਚੀਜ਼ ਤੋਂ ਵੀ ਪੂਰਨ ਮੁਨਕਰ ਹਨ। ਉਹ ਇਸ ਨੂੰ ਵਹਿਮ ਹੀ ਦਸਦੇ ਹਨ। ਸੁਖਾਂ ਦਾ ਇਸ਼ਕ ਮਨੁੱਖ ਨੂੰ ਹਨੇਰਿਆਂ ਵਿੱਚ, ਰਖਣ ਲਈ ਸ਼ੈਤਾਨ ਵਾਂਗ ਸਦਾ ਜੋਰ ਲਾਉਂਦਾ ਹੈ।

ਮਨੁੱਖ ਆਤਮਾ, ਜਿਵੇਂ ਪਹਿਲੋਂ ਦੱਸਿਆ ਗਿਆ ਹੈ, ਮਨੁਖ ਦੀ ਜੀਵਨੀ ਸ਼ਕਤੀ ਹੈ, ਜੋ ਮਨੁੱਖ ਦੇ ਰੋਮ-ਰੋਮ ਜਾਂ ਹਰ ਸੈਲ ਵਿੱਚ ਵਾਸ ਕਰਦੀ ਹੈ। ਇਹੋ ਉਸ ਦੇ ਸਰੀਰ ਨੂੰ ਘੜਦੀ ਹੈ, ਉਸਦੀ ਪਾਲਨਾ ਕਰਦੀ ਹੈ, ਉਸਦਾ ਸੰਚਾਲਣ ਕਰਦੀ ਹੈ, ਅਤੇ ਮਨੁੱਖ ਨੂੰ ਜਿਊਂਦਾ ਰੱਖਦੀ ਹੈ। ਮਨੁੱਖ ਦਾ ਸਰੀਰ ਤੇ ਆਤਮਾ ਜਾਂ ਜਾਨ ਅਨਿਖੜਵੇਂ ਹਨ। ਇੱਕ ਦੇ ਨਾਸ਼ ਨਾਲ ਦੂਜੇ ਦੀ ਹੋਂਦ ਨਹੀਂ ਰਹਿੰਦੀ।

ਵਿਗਿਆਨ ਦਾ ਪਰਿਵਤਨ ਦਾ ਨੇਮ, ਨੇਚਰ ਦੇ ਕਣ-ਕਣ ਤੇ ਹਾਵੀ ਹੈ। ਇਸ ਤੋਂ ਉਪਰ ਕੋਈ

ਵਸਤੂ ਨਹੀਂ ਹੈ ਅਤੇ ਨ ਹੋ ਸਕਦੀ ਹੈ। ਜਿਵੇਂ ਮਨੁੱਖ ਦਾ ਸਰੀਰ ਹਰ ਸਮੇਂ ਬਦਲਦਾ ਹੈ, ਉਵੇਂ ਹਰ ਚੀਜ਼ ਵਾਂਗ ਮਨੁੱਖੀ ਜੀਵਨੀ ਸ਼ਕਤੀ ਜਾਂ ਆਤਮਾ ਵੀ ਬਦਲਦੀ ਹੈ। ਬਦਲਕੇ, ਹਿਰਦੇ-ਅੰਧਕਾਰ, ਕਾਰਨ ਮਨੁੱਖ ਨੂੰ ਦਿਸਦੀ ਨਹੀਂ। ਤਬਦੀਲੀ ਦੇ ਦੋ ਹੀ ਸਰੂਪ ਹਨ, ਜਾਂ ਬਣਨਾ, ਜਾਂ ਵਿਗੜਨਾਂ। ਵਿਗੜਨ ਦਾ, ਖਰਾਬ ਹੋਣ ਦਾ, ਹਾਨੀ ਹੋਣ ਦਾ, ਕਮਜੋਰ ਹੋਣ ਦਾ ਦੂਜਾ ਨਾਂ ਪਤਨ ਹੈ। ਆਤਮਾ ਦੀ ਹਾਨੀ ਜਾਂ ਪਤਨ, ਆਤਮਾ ਦੀ ਬਨਾਵਟ, ਬਣਤਰ ਜਾਂ ਗਠਨ ਨੂੰ ਦੁਰਬਲ ਕਰਦੀ ਹੈ। ਉਹ ਜੀਵਨੀ ਸ਼ਕਤੀ ਦੀ ਤਾਕਤ ਘੱਟਦੀ ਜਾਂਦੀ ਹੈ, ਘੱਟ-ਘੱਟ ਕੇ ਉਹ ਨਸ਼ਟ ਹੋ ਜਾਂਦੀ ਹੈ। ਆਤਮਾ ਦੇ ਨਾਸ਼ ਨਾਲ ਮਨੁਖੀ ਹਸਤੀ ਦਾ ਮੂਲ ਸਦਾ ਹੀ ਮੁਕ ਜਾਂਦਾ ਹੈ, ਆਪਣੀ ਵਖਰੀ ਹੋਂਦ ਨੂੰ ਮਨੁੱਖ ਸਦਾ ਲਈ ਨਾਸ਼ ਕਰ ਲੈਂਦਾ ਹੈ।

ਦੇਵ-ਧਰਮ ਦੇ ਵਿਗਿਆਨ ਮੂਲਕ ਗਿਆਨ ਅਨੁਸਾਰ ਮਨੁੱਖ ਅੰਧਕਾਰ ਅੰਦਰ ਆਪਣੀ ਆਤਮਾ ਨੂੰ ਉਕੱਾ ਹੀ ਨਹੀਂ ਸਮਝ ਰਿਹਾ, ਅਤੇ ਆਪਣੇ ਕਰਦਾਰਾਂ ਰਾਹੀਂ, ਹਨੇਰੇ ਕਾਰਨ, ਉਸ ਦਾ ਆਪ ਨਾਸ਼ ਕਰ ਰਿਹਾ ਹੈ।

ਮਨੁੱਖ ਦੀ ਚਿੰਤਾ, ਬੋਲ, ਵਿਸ਼ਵਾਸ਼, ਤੇ ਕਰਮ, ਚਾਰੇ ਹਰ ਸਮੇਂ ਮਨੁਖੀ ਆਤਮਾ ਨੂੰ ਪ੍ਰਭਾਵਤ ਕਰ ਰਹੇ ਹਨ। ਜਿਵੇਂ ਗੰਦ ਤੇ ਗੰਦੀ ਹਵਾ ਵਿਚ ਲਿਆ ਹਰ ਸਾਹ ਮਨੁੱਖੀ ਸਰੀਰ ਨੂੰ ਪ੍ਰਭਾਵਿਤ ਕਰ ਰਿਹਾ ਹੈ, ਓਵੇਂ ਮਨੁੱਖ ਦੀ ਚੰਗੀ ਮੰਦੀ ਹਰ ਚਿੰਤਾਂ, ਸੋਚ ਜਾਂ ਗਤੀ ਮਨੁੱਖੀ ਰੂਹ ਜਾਂ ਜਾਣ ਤੇ ਅਸਰ ਪਾਉਂਦੀ ਹੈ।

ਮਨੁੱਖ ਜਾਣ ਦੇ ਬਲ ਨੂੰ ਅਸੀਂ ਖੁਦ ਪਰਖ ਵੀ ਸਕਦੇ ਹਾਂ।

ਆਮ ਕਰਕੇ ਅਸੀਂ ਸਾਰੇ ਮਨੁੱਖ ਬਹੁਤਾ ਜਾਂ ਥੋਹੜਾ ਨੀਚ ਸੁਖਾਂ ਦੇ ਪ੍ਰੇਮੀ, ਆਸ਼ਕ ਜਾਂ ਦਾਸ ਹੁੰਦੇ ਹਾਂ। ਨਸ਼ੇ ਦਾ ਇਸ਼ਕ, ਸੁਸਤੀ ਦਾ ਇਸ਼ਕ, ਕਾਮ-ਵਾਸਨਾ ਦਾ ਹਿਤਕਰ ਹਾਲਤ ਤੋਂ ਵਧੇਰੇ ਇਸ਼ਕ, ਸਵਾਦ ਵਾਸਨਾਂ ਦਾ ਹਿੱਤਕਾਰ ਹਾਲਤ ਤੋਂ ਵਧੇਰੇ ਇਸ਼ਕ ਜਾਂ ਗੁਲਾਮੀ, ਧਨ ਦਾ ਇਸ਼ਕ, ਹੰਕਾਰ ਦਾ ਇਸ਼ਕ, ਗੁੱਸੇ ਦਾ ਇਸ਼ਕ, ਸਵਾਰਥ ਦਾ ਇਸ਼ਕ, ਮਾਨ ਪ੍ਰਸ਼ੰਸਾ ਦਾ ਹਿੱਤਕਰ ਹਾਲਤ ਤੋਂ ਵੱਧਿਆ ਇਸ਼ਕ, ਈਰਖਾ ਦਵੇਸ਼ ਦੇ ਇਸ਼ਕ ਜਾਂ ਗੁਲਾਮੀ, ਮਨੁੱਖ ਨੂੰ ਨੀਚ ਚਿੰਤਾ ਅਤੇ ਕਿਰਿਆਵਾਂ ਕਰਨ ਲਈ ਲਾਚਾਰ ਕਰਦੀਆਂ ਹਨ। ਉਕਤ ਨੀਚ ਚਿੰਤਾਵਾਂ ਤੇ ਕਿਰਿਆਂ ਦਾ ਸਿੱਧਾ ਪ੍ਰਭਾਵ ਸਾਡੀ ਰੂਹ ਜਾਂ ਜਾਣ ਤੇ ਬਲ ਦਾ ਹਰਾਸ ਕਰਦਾ ਰਹਿੰਦਾ ਹੈ। ਜਦੋਂ ਅਸੀਂ ਕਿਸੇ ਵੀ ਉਕਤ ਵਰਗੇ ਸੁੱਖ ਦੇ ਦਾਸ ਜਾਂ ਬੰਧਵੇ, ਹੋ ਜਾਂਦੇ ਹਾਂ, ਤਾਂ ਸਾਡੀ ਰੂਹ ਦੀ ਜਾਨ ਦਾ ਹਰਾਸ ਨਿਰੰਤਰ ਹੋਣ ਲੱਗ ਜਾਂਦਾ ਹੈ। ਜੇ ਕਰ ਇਹ ਹਰਾਸ ਜਾਰੀ ਰਹੇ ਉਹ ਰੂਹ ਜਾਂ ਜੀਵਨੀ ਸ਼ਕਤੀ ਦਾ ਪੂਰਨ ਨਾਸ਼ ਕਰ ਦਿੰਦਾ ਹੈ। ਮਨੁੱਖ ਸਦਾ ਲਈ ਆਪਣੇ ਹੀ ਨੀਚ ਕਰਦਾਰਾਂ ਰਾਹੀਂ ਆਪਣੀ ਹਸਤੀ ਦਾ ਨਾਸ਼ ਕਰ ਬੈਠਦਾ ਹੈ। ਇਸ ਸਚਾਈ ਤੋਂ ਮਨੁਖ ਮਾਤਰ ਅਤੇ ਉਸ ਦੇ ਕਾਲਪਨਿਕ ਧਰਮ ਪੂਰਨ ਰੂਪ ਵਿੱਚ ਅਗਿਆਤ ਹਨ। ਸਾਰਾ ਸੰਸਾਰ ਆਪਣੀਆਂ-ਆਪਣੀਆਂ ਰੂਹਾਂ ਦਾ ਨਾਸ਼ ਕਰ ਰਿਹਾ ਹੈ, ਰੂਹਾਂ ਮਰ ਰਹੀਆਂ ਹਨ, ਖਤਮ ਹੋ ਰਹੀਆਂ ਹਨ, ਇਸ ਲੀਲਾ ਤੋਂ ਮਨੁੱਖ ਅਜੇ ਅਭਿੱਗ ਹੈ। ਆਪਣੇ ਅੰਦਰ ਉੱਚ ਸ਼ਕਤੀਆਂ, ਪਰ ਹਿਤ ਦੀਆਂ ਭਾਵਨਾਵਾਂ ਦਾ ਵਿਕਾਸ ਕਰ ਕਰ ਕੇ ਹੀ ਮਨੁੱਖ ਕਿਸੇ ਹਦ ਤੱਕ ਇਸ ਸਚਾਈ ਨੂੰ ਵੇਖ ਸਕਦਾ ਹੈ। ਨਹੀਂ ਤਾਂ "ਬਾਬਰ ਬ ਐਸ਼ ਕੋਸ਼ ਕਿ ਆਲਮ ਦੁਬਾਰਾ ਨੇਸਤ" ਹੀ ਦੇਖਦਾ ਹੈ।

ਮਨੁੱਖ ਦੀ ਰੂਹ ਦੇ ਪਤਨ ਦੋ, ਵਿਗਿਆਨਮੂਲਕ ਦੇਵ ਧਰਮ, ਮੋਟੇ-ਮੋਟੇ ਪੜਾ ਸਪਸ਼ਟ ਕਰਦਾ ਹੈ। ਉਹ ਇਸ ਪ੍ਰਕਾਰ ਹਨ :-

1. ਆਦਮਾ ਦੀ ਸੁਖਾਂ ਪ੍ਰਤੀ ਆਤਮ ਅੰਧਤਾ ਅਤੇ ਕਠੋਰਤਾ ਉਨ੍ਹਾਂ ਦੀ ਪ੍ਰਾਪਤੀ ਨੂੰ ਹੀ ਮਨੁੱਖ ਦਾ ਲਖਸ਼ ਬਣਾ ਦਿੰਦੀ ਹੈ। ਉਹ ਉਸਦੀ ਸੋਚ ਵਿਚਾਰ ਦੇ ਕੇਂਦਰ ਹੋ ਜਾਂਦੇ ਹਨ, ਉਹ ਵਿਕਾਸ ਵਿਰੋਧੀ, ਝੂਠ ਤੇ ਪਾਪ ਦੇ ਅਮਲ ਕਰਨ ਲਈ ਮਜਬੂਰ ਹੁੰਦਾ ਹੈ। ਇਸ ਨਾਲ ਅਜਿਹੀ ਦਸ਼ਾ ਪੈਦਾ ਹੁੰਦੀ ਹੈ ਕਿ ਜਿਸ ਨਾਲ ਹੌਲੀ-ਹੌਲੀ ਉਹ ਆਪਣੇ ਆਤਮਾ ਸਬੰਧੀ ਸਚਾਈਆਂ ਨੂੰ ਦੇਖਣ ਦੇ ਅਜੋਗ ਹੋ ਜਾਂਦਾ ਹੈ। ਉਹ ਆਤਮਕ ਅਵਸਥਾ ਪ੍ਰਦਰਸ਼ਕ ਰੋਸ਼ਨੀ ਪਾ ਨਹੀਂ ਸਕਦਾ, ਆਪਣਾ ਵਾਸਤਵਕ ਰੂਪ ਦੇਖ ਨਹੀਂ ਸਕਦਾ, ਆਪਣੀਆਂ ਚਿੰਤਾਂ ਤੇ ਕਿਰਿਆਵਾਂ ਦੇ ਵਾਸਤਵਿਕ, ਹਾਨੀ ਕਾਰਕ ਤੇ ਘ੍ਰਿਨਤ ਰੂਪ ਨੂੰ ਦੇਖ ਨਹੀਂ ਸਕਦਾ। ਰੂਹਾਨੀ ਮੋਤੀਏ ਦਾ ਸ਼ਿਕਾਰ ਹੋ ਜਾਂਦਾ ਹੈ।

2. **ਉਲਟੀ ਦ੍ਰਸ਼ਟੀ**:- ਇਹ ਤਬਦੀਲੀ ਆਉਣ ਦੇ ਨਾਲ ਮਨੁੱਖ ਦੀ ਮਤ ਪੁਠੀ ਹੋ ਜਾਂਦੀ ਹੈ, ਉਹ ਸਤਿ ਨੂੰ ਮਿੱਥਿਆ, ਹਿਤਕਰ ਨੂੰ ਹਾਨੀਕਾਰਕ ਦੇਖਦਾ ਤੇ ਵਿਸ਼ਵਾਸ਼ ਕਰਦਾ ਹੈ। ਉਪ੍ਰੋਕਤ ਨੀਚ ਸੁਖਾਂ ਨੂੰ ਹਿਤਕਰ ਤੇ ਲਾਭਕਾਰੀ ਦੇਖਦਾ ਹੈ ਅਤੇ ਵਿਸ਼ਵਾਸ਼ ਕਰਦਾ ਹੈ।

3. **ਵਖੋ ਵਖਰੇ ਬੇਲੋੜੇ ਤੇ ਆਤਮਾ ਲਈ ਹਾਨੀਕਾਰਕ ਦੁਖਾਂ ਦੀ ਉਤਪਤੀ**:- ਹਰ ਨੀਚ ਸੁਖ ਦੇ ਵਧਣ ਨਾਲ, ਆਤਮਕ ਦੁਖਾਂ ਦਾ ਪੈਦਾ ਹੋਣਾ ਜਰੂਰੀ ਹੈ। ਦੁੱਖ ਨੀਚ ਜੀਵਨ ਦੇ ਹੀ ਫਲ ਹਨ। ਦੁੱਖ, ਆਤਮ ਘਾਤ ਵੀ ਕਰਾ ਦਿੰਦੇ ਹਨ, ਨੀਚ ਸੁਖਾਂ ਦੇ ਇਸ਼ਕ ਮਨੁਖ ਆਤਮਾ ਨੂੰ ਦੁਖਾਂ ਨਾਲ ਘੁਲ ਘੁਲ ਕੇ ਨਸ਼ਟ ਕਰ ਦਿੰਦੇ ਹਨ।

4. ਜੀਵਨੀ ਸ਼ਕਤੀ ਜਾਂ ਆਤਮਾ ਦੇ ਬਲ ਦਾ ਨਾਸ਼ : ਸਤਿ ਅਤੇ ਸ਼ੁਭ ਦਾ ਮਾਰਗ ਵਿਕਾਸ ਦਾ ਮਾਰਗ ਹੈ, ਮਿੱਥਿਆ ਅਰ ਪਾਪ ਦਾ ਮਾਰਗ ਵਿਨਾਸ਼ ਦਾ ਮਾਰਗ ਹੈ। ਇਹ ਨੇਚਰ ਕਾ ਅਟਲ ਨੇਮ ਹੈ। ਉਪ੍ਰੋਕਤ ਸੁਖ ਅਨੁਰਾਗਾਂ ਦੇ ਅਧੀਨ ਹੋ ਕੇ, ਮਿੱਥਿਆ ਅਤੇ ਪਾਪ ਦੀਆਂ ਚਿੰਤਾਂਵਾਂ ਅਤੇ ਕਿਰਿਆਵਾਂ ਕਰਕੇ, ਪਤਨ ਦਾ ਮਾਰਗ ਅਪਣਾ ਕੇ ਜੀਵਨੀ ਸ਼ਕਤੀ ਦਾ ਬਲ ਕਮਜ਼ੋਰ ਹੁੰਦਾ ਹੈ। ਨੇਚਰ ਦੇ ਵਿਕਾਸ ਦੇ ਨੇਮ ਦੇ ਵਿਰੁੱਧ ਚਲਣ ਨਾਲ, ਉਸ ਦਾ ਆਪਣਾ ਪਹਿਲਾ ਬਲ ਵੀ ਹੌਲੀ ਹੌਲੀ ਚਲਿਆ ਜਾਂਦਾ ਹੈ। ਇਸ ਨਾਲ ਨਿਰਮਾਣਕਾਰੀ ਸ਼ਕਤੀ, ਆਪਣੇ ਕੁਦਰਤੀ ਫੰਕਸ਼ਨ ਨੂੰ ਪੂਰਾ ਕਰਨ ਦੇ ਅਯੋਗ ਹੋ ਜਾਂਦੀ ਹੈ। ਉਸ ਦੀ ਮੌਤ ਦੇ ਨਾਲ ਮਨੁੱਖ ਦੀ ਆਪਣੀ ਮੌਤ ਦਾ ਹੋਣਾ ਵੀ ਲਾਜ਼ਮੀ ਹੈ।

ਏਸ ਲਈ ਮਨੁੱਖ ਆਤਮਾ ਦੇ ਲਈ ਆਪਣੀ ਨਿਰਮਾਣਕਾਰੀ ਸ਼ਕਤੀ ਨੂੰ ਆਪਣੀਆਂ ਅਤੇ ਹੋਰਾਂ ਦੀਆਂ ਵਿਨਾਸ਼ਕਾਰੀ ਸ਼ਕਤੀਆਂ ਦੇ ਪ੍ਰਭਾਵਾਂ ਤੋਂ ਬਚਾਉਣ ਤੇ ਮੁਕਤ ਕਰਨ ਅਤੇ ਉੱਚ ਸ਼ਕਤੀਆਂ, ਨਿਰਮਾਣ ਕਾਰਜ ਕਰਨ ਵਾਲੀਆਂ ਸ਼ਕਤੀਆ ਪੈਦਾ ਕਰਨ ਦੀ ਦਿ ਬੇਹੱਦ ਲੋੜ ਹੈ। ਨਹੀਂ ਤਾਂ ਆਤਮਾ ਸੁਰੱਖਿਅਤ ਨਹੀਂ ਰਹਿ ਸਕਦਾ।

ਆਤਮਾ ਦੇ ਪਤਨ ਨੂੰ, ਉਸ ਦੀ ਗਿਰਾਵਟ ਨੂੰ, ਉਸ ਦੇ ਪਰਿਵਰਤਨ ਨੂੰ ਕਿਸੇ ਨੇ ਨਾ ਵੇਖਿਆ ਹੇ ਤੇ ਨਾ ਹੀ ਦੱਸਿਆ ਹੈ। ਏਸੇ ਕਾਰਨ ਰੂਹਾਂ ਦਾ ਪਤਨ ਹੋ ਰਿਹਾ ਹੈ ਅਤੇ ਉਹ ਮਰ ਰਹੀਆਂ ਹਨ।

ਮਰਦੀਆਂ ਰੂਹਾਂ ਦੇ ਬਚਾਓਣ ਦਾ ਏਸੇ ਲਈ ਕਿਸੇ ਵੀ ਸੰਸਾਰਕ ਧਰਮ ਦਾ ਮੰਤਵ ਨਹੀਂ। ਉਨ੍ਹਾਂ ਦੇ ਮਕਸਦ ਈਸ਼ਵਰ ਨੂੰ ਪੂਜਣ ਦੇ ਹਨ, ਉਸ ਦਾ ਜਾਪ ਅਤੇ ਉਸ ਦੀ ਅਰਾਧਨਾ ਕਰਦੇ ਹਨ। ਮਰਦੀਆਂ ਆਤਮਾਵਾਂ ਬਚਾਉਣ ਦਾ ਕਿਸੇ ਧਰਮ ਦਾ ਵੀ ਲਖਸ਼ ਨਹੀਂ, ਅਤੇ ਨ ਹੀ ਹੋਣਾ ਸੰਭਵ ਸੀ।

ਉੱਚ ਭਾਵਾਂ, ਉਚ ਘ੍ਰਿਣਾ ਸ਼ਕਤੀਆਂ ਦੀ ਦੁਰਬਲਤਾ ਨਾਲ ਆਤਮਾ ਦੀ ਦੁਰਬਲਤਾ, ਉਪਜਦੀ ਹੈ। ਕਿਸੇ ਅੰਦਰ ਸ਼ਰਾਬ ਜਾਂ ਨਸ਼ੇ ਤੋਂ, ਗਾਲਬ ਦੇ ਵਾਂਗ, ਬਚੱਣ ਦੀ ਯੋਗਤਾ ਖਤਮ ਹੋਣ ਦੇ ਨਾਲ, ਉੱਚ ਘ੍ਰਿਣਾ ਸ਼ਕਤੀ ਦਾ ਨਾਸ਼ ਅਤੇ ਆਤਮ ਬਲ ਦਾ ਨਾਸ਼ ਹੋਣਾ ਜਰੂਰੀ ਹੈ।

ਨੇਚਰ ਦਾ ਸਭ ਅਸਤਿੱਤਾਂ ਲਈ ਇਹ ਅਟਲ ਨੇਮ ਹੈ, ਜੋ ਵਿਕਾਸ ਦੇ ਨੇਮ ਤੇ ਆਧਾਰਤ ਹੈ। ਜੋ ਦੂਜਿਆਂ ਨੂੰ ਸਵਾਰੇਗਾ, ਉਹ ਖੁਦ ਬਣੇਗਾ, ਜੋ ਦੂਜਿਆਂ ਨੂੰ ਵਿਗਾੜਦਾ ਹੈ, ਉਹ ਖੁਦ ਵਿਗੜਦਾ ਤੇ ਨਾਸ਼ ਹੁੰਦਾ ਹੈ।

ਆਪਣੀ ਆਤਮਾ ਨੂੰ ਨਾਸ਼ ਤੋਂ ਬਚਾਉਣਾ ਅਤੇ ਉਸਦਾ ਉੱਚ ਭਾਵਾਂ ਦੀ ਉਤਪਤੀ ਦੁਆਰਾ ਵਿਕਾਸ ਕਰਨਾ ਹੀ, ਹਰ ਇਕ ਮਨੁੱਖ ਦਾ ਇਕ ਮਾਤਰ ਮੁੱਖ ਲਖਸ਼ ਹੈ।

ਦੇਵ-ਆਤਮਾ ਦੀ ਵਿਲਖੱਣਤਾ ਇਸ ਵਿੱਚ ਹੈ ਕਿ ਉਨ੍ਹਾਂ ਨੇ ਆਪਣੇ ਨੇਚਰ ਪ੍ਰਦਤ ਸਤਿ ਸ਼ੁਭ ਦੇ ਅਨੁਰਾਗਾਂ ਨੂੰ ਵਿਕਸਤ ਕਰਕੇ ਇਕ ਮਹਾਂ ਵਚਿੱਤਰ ਤੇ ਮਹਾਂ ਅਲੌਕਿਕ ਰੂਹਾਨੀ ਰੋਸ਼ਨੀ ਦਾ ਪ੍ਰਕਾਸ਼ ਅਤੇ ਵਿਕਾਸ ਕੀਤਾ ਹੈ।

ਇਹ ਉਹ ਸਰਵ-ਉੱਚ ਰੂਹਾਨੀ ਰੋਸ਼ਨੀ ਹੈ, ਜਿਸ ਦੀਆਂ ਕਿਰਨਾਂ ਦੁਆਰਾ ਮਨੁੱਖ ਸਾਫ ਸਾਫ ਆਪਣੇ ਆਤਮਾ ਦੀ ਗਠਨ, ਆਤਮਾ ਦੇ ਰੋਗ, ਆਤਮਾ ਦੇ ਪਰਿਵਰਤਨ, ਆਤਮਾ ਦੇ ਰੋਗਾਂ ਤੋਂ ਉਸ ਦੇ ਪਤਨ ਨੂੰ ਵੇਖ ਤੇ ਉਪਲੱਬਧ ਕਰ ਸਕਦਾ ਹੈ। ਜਿਵੇਂ X ray ਦੀ ਰੋਸ਼ਨੀ ਬਿਨਾਂ, ਫੇਫੜੇ ਨਹੀਂ ਦਿਖਾਈ ਦਿੰਦੇ, ਇਵੇਂ ਹੀ ਇਸ ਸਰਵ-ਉੱਚ ਰੂਹਾਨੀ ਰੋਸ਼ਨੀ ਬਿਨਾਂ ਨ ਆਤਮਾ ਅਤੇ ਨਾ ਹੀ ਉਸਦਾ ਕੋਈ ਪਤਨ

ਦਿਖਾਈ ਦੇ ਸਕਦਾ ਹੈ। ਆਪਣੀ ਆਤਮਾ ਦੇ ਪਤਨ ਦੇ ਬੋਧ ਤੋਂ ਬਿਨਾਂ, ਕਿਸੇ ਨੂੰ ਬੁਰਾਈ ਤੋਂ ਜਾਂ ਕਿਸੇ ਵੀ ਪਾਪ ਕਰਮ ਤੋਂ ਅਰਥਾਤ ਕਿਸੇ ਝੂਠ ਤੇ ਪਾਪ ਤੋਂ ਬਚਣ ਦਾ ਮਾਮੂਲੀ ਖਿਆਲ ਵੀ ਨਹੀਂ ਹੋ ਸਕਦਾ। ਅਤੇ ਨ ਹੀ ਉਹ ਉਸਦੇ ਬਚਾਉਣ ਦੇ ਲਈ ਜਤਨਸ਼ੀਲ ਹੋ ਸਕਦਾ ਹੈ।

ਦੇਵ-ਆਤਮਾ ਹੀ ਆਪਣੀ ਅਦੁਤੀ ਸਰਵ-ਉੱਚ ਰੂਹਾਨੀ ਜੋਤੀ ਦੁਆਰਾ ਆਤਮਾ, ਉਸਦੀ ਬਨਾਵਟ ਅਤੇ ਉਸ ਦੇ ਰੋਗਾਂ, ਅਤੇ ਉਨ੍ਹਾਂ ਰੋਗਾਂ ਦੁਆਰਾ ਹੋ ਰਹੇ ਆਤਮਕ ਪਤਨ ਨੂੰ ਦਰਸ਼ਾ ਸਕਦੇ ਹਨ ਅਤੇ ਦਰਸ਼ਾਉਂਦੇ ਹਨ। ਹੋਰ ਨਾ ਭੌਤਕ ਰੋਸ਼ਨੀ, ਨਾ ਮਾਨਸਕ ਰਸ਼ਨੀ ਅਤੇ ਨਾ ਹੀ ਸਾਤਵਿਕ ਰੋਸ਼ਨੀ, ਆਤਮ ਰੂਪ, ਆਤਮ ਰੋਗ ਅਤੇ ਆਤਮ ਪਤਨ ਨੂੰ ਦਰਸ਼ਾ ਸਕਦੀ ਹੈ।

ਇਹ ਕੇਵਲ ਦੇਵ-ਆਤਮਾ ਦੀ ਹੀ ਵਲਖਣਤਾ ਹੈ ਕਿ ਉਹ ਅਧਿਕਾਰੀ ਮਨੁੱਖਾਂ ਨੂੰ ਉਸ ਦੇ ਆਤਮਾ ਦੇ ਹੋ ਰਹੇ ਪਤਨ ਦੇ ਪ੍ਰਤੀ ਜਾਗਰੂਕ ਕਰਾ ਸਕਦੇ ਹਨ, ਤੇ ਕਰਾਉਂਦੇ ਹਨ।

ਅਜਿਹੀ ਸੀ ਮੇਰੀ ਮਾਂ

(ਪਰਲੋਕ ਵਾਸੀ ਸ਼੍ਰੀਮਤੀ ਸੁੰਦਰੀ ਜੀ ਅਗਨੀਹੋਤਰੀ ਨੂੰ ਸ਼ਰਧਾਂਜਲੀ)

ਮੇਰੀ ਮਾਂ ਸਰਹੱਦ ਪਾਰ ਕਰਕੇ ਇੱਕ ਛੋਟੇ ਜਿਹੇ ਸ਼ਹਿਰ ''ਕਮਾਲੀਆ'' ਨਾਲ ਸੰਬੰਧਿਤ ਸੀ, ਲੇਕਿਨ ਉਹਨ੍ਹਾਂ ਕਦੇ ਸਰਹੱਦੀ ਵਿੱਚ ਆਪਣੇ ਆਪ ਨੂੰ ਸੀਮਿਤ ਨਹੀਂ ਰੱਖਿਆ। ਆਪਣੇ ਬਚਪਨ ਵਿੱਚ ਹੀ ਆਪਣੀ ਮਾਂ ਨੂੰ ਖੋ ਚੁੱਕੀ ਮੇਰੀ ਮਾਂ ਸ਼ਾਇਦ ਜਾਣਦੀ ਸੀ ਕਿ ਬੱਚਿਆ ਲਈ ਮਾਂ ਦਾ ਵਜੂਦ ਕੀ ਹੁੰਦਾ ਹੈ? ਇਸ ਲਈ ਅੰਤ ਤੱਕ, ਇੱਥੋਂ ਤੱਕ ਕਿ ਜਦੋਂ ਅਸੀਂ ਆਪਣੀ ਦੇਖਭਾਲ ਖੁਦ ਕਰਨ ਦੇ ਯੋਗ ਬਣ ਗਏ, ਉਹ ਸਾਡੀ ਦੇਖਭਾਲ ਕਰਦੀ ਰਹੀ।

ਸਿੱਖਿਆ ਦੇ ਖੇਤਰ ਵਿੱਚ ਆਪਣੀ ਖਾਸ ਥਾਂ ਰੱਖਣ ਵਾਲੀ ਮਾਂ ਲਈ ਸਿੱਖਿਆ ਦੇ ਅਰਥ ਸਿਰਫ ਕਿਤਾਬਾਂ ਤੱਕ ਸੀਮਿਤ ਹੀ ਨਹੀਂ ਸਨ। ਉਹ ਖੁਦ ਇੱਕ ਸੰਸਕਾਰਾਂ ਭਰੀ ਕਿਤਾਬ ਸੀ ਯਾ ਇਹ ਕਹੀਏ ਕਿ ਸੰਸਕਾਰਾਂ ਦਾ ਇੱਕ ਸਕੂਲ ਸੀ, ਇਕੈਡਮੀ ਸੀ ਤਾਂ ਹੀ ਜ਼ਿਆਦਾ ਢੁਕਵਾਂ ਹੋਵੇਗਾ।

ਉਹ ਹਿਮਾਚਲ ਅਤੇ ਪੰਜਾਬ, ਜ਼ਿਆਦਾਤਰ ਸ਼ਿਮਲਾ ਦੇ ਕਈ ਸਕੂਲਾਂ ਦੀ ਬੇਹਤਰੀਨ ਪ੍ਰਿੰਸੀਪਲ ਅਤੇ ਉਨ੍ਹਾਂ ਦੀ ਪ੍ਰਸ਼ਾਸਕ ਰਹੀਆਂ। ਉਹਨਾਂ ਦੇ ਕਾਰਜ-ਕਾਲ ਵਿੱਚ ਸਕੂਲ ਹਰ ਖੇਤਰ ਵਿੱਚ ਉੱਚੇ ਸਥਾਨ ਤੇ ਪੁੱਜੇ, ਚਾਹੇ ਉਹ ਪੜ੍ਹਾਈ ਦਾ ਖੇਤਰ ਹੋਵੇ ਯਾ ਕਲਚਰਲ ਖੇਤਰ। ਉਹਨਾਂ ਦੀ ਛੱਤਰ ਛਾਯਾ ਥੱਲੇ ਪਹਿਲੇ ਨੰਬਰ ਤੇ ਆਉਣਾ ਸਕੂਲ ਦੀ ਕਿਸਮਤ ਬਣ ਚੁੱਕਿਆ ਸੀ।

ਸੁੰਦਰੀ ਅਗਨੀਹੋਤਰੀ ਇੱਕ ਸੰਜੀਦਾ ਮਾਂ ਸੀ, ਇੱਕ ਅਜਿਹੀ ਮਾਂ ਜੋ ਆਪਣਿਆਂ ਬੱਚਿਆਂ ਦਾ ਸੰਪੂਰਣ ਵਿਕਾਸ ਕਰਨ ਲਈ ਖੁਦ ਹਰ ਕੀਮਤ ਚੁਕਾਉਣ ਲਈ ਤਿਆਰ ਰਹੀ, ਫੇਰ ਚਾਹੇ ਸਾਨੂੰ ਭਰਾਵਾਂ ਨੂੰ ਆਪਣੇ ਤੋਂ ਦੂਰ ਬੋਰਡਿੰਗ ਸਕੂਲ ਵਿੱਚ ਹੀ ਕਿਉਂ ਨਾ ਭੇਜਣਾ ਪਵੇ, ਅਤੇ ਉਸ ਉਮਰ ਤੋਂ ਲੈ ਕੇ ਇਸ ਉਮਰ ਤੱਕ ਸਾਡੀਆਂ ਜ਼ਰੂਰਤਾਂ ਦਾ ਧਿਆਨ ਰੱਖਿਆ, ਚਾਹੇ ਗੱਲ ਖਾਣ ਦੀ ਹੋਵੇ ਯਾ ਜੇਬ ਖਰਚੇ ਦੀ।

ਸਾਡੀ ਮਾਂ ਨੇ ਸਾਨੂੰ ਆਸਥਾਵਾਨ ਬਣਾਇਆ ਅੰਤ ਤੱਕ ਉਹ ਸਾਡੀ ਹੀ ਚਿੰਤਾ ਕਰਦੀਆਂ ਰਹੀਆਂ। ਆਪਣੇ ਪੋਤਿਆਂ ਨਾਲ ਭੀ ਉਹਨਾਂ ਦੇ ਸੰਬੰਧ ਕੁਝ ਖਾਸ ਕਿਸਮ ਦੇ ਸੀ। ਉਹਨਾਂ ਨਾਲ ਖੇਲਣਾ, ਉਹਨਾਂ ਵਿੱਚ ਚੰਗੇ ਸੰਸਕਾਰ ਪਾਉਣੇ ਇਹ ਉਹ ਆਪਣਾ ਫਰਜ਼ ਸਮਝਦੀਆਂ ਸੀ। ਹਾਂ, ਆਪਣੇ ਬੇਟਿਆਂ ਨੂੰ ਲੈਕੇ ਉਹ ਕਾਫੀ ਪੋਜੈਸਿਵ ਸੀ, ਜਿਵੇਂ ਕਿ ਹਰ ਮਾਂ ਹੁੰਦੀ ਹੈ। ਪਰ ਮੇਰੀ ਮਾਂ ਕੁਝ ਅਲੱਗ ਹੀ ਸੀ। ਆਪਣੀਆਂ ਬਹੂਆਂ ਨਾਲ ਉਹਨਾਂ ਦਾ ਸਬੰਧ ਕਠੋਰ ਤਾਂ ਨਹੀਂ ਕਹਿ ਸਕਦੇ , ਪਰ ਉਹਨਾਂ ਨਾਲ ਸਬੰਧ ਦਾ ਉਹਨਾਂ ਦਾ ਅਲੱਗ ਹੀ ਦਾਇਰਾ ਸੀ, ਉਸਦੇ ਅੰਦਰ ਉਹਨਾਂ ਕਦੇ ਬਹੂਆਂ ਨੂੰ ਆਉਣ ਨਹੀਂ ਦਿੱਤਾ। ਕਾਰਣ ਕੀ ਸੀ, ਇਹ ਕਦੇ ਨਾ ਅਸੀਂ ਪੁੱਛਿਆ ਤੇ ਨਾਂ ਉਹਨਾਂ ਦੱਸਣਾ ਚਾਹਿਆ। ਉਹਨਾਂ ਤੋਂ ਅਸੀਂ ਕੀ ਸਵਾਲ ਕਰਨਾ ਸੀ ਜਦੋਂ ਕਿ ਸਾਡੇ ਹਰ ਸਵਾਲ ਦਾ ਉਹ ਖੁਦ ਹੀ ਜਬਾਬ ਸੀ। ਉਹਨਾਂ ਸਾਡੇ ਤੇ ਕੋਈ ਜ਼ਿਆਦਾ ਬੰਧਨ ਨਹੀਂ ਰੱਖੇ, ਪਰ ਇੱਕੋ ਬੰਧਨ ਜ਼ਰੂਰ ਸੀ ਕਿ ਕਿਸੇ ਵੀ ਹਾਲਾਤ ਵਿੱਚ ਸਾਡੇ

ਭਰਾਵਾਂ ਵਿੱਚ ਅਲਗਾਵ ਨਾ ਹੋਵੇ, ਅਸੀਂ ਆਪਣੇ ਸੰਬੰਧ ਦੀ ਰਹਿਗਈ ਨੂੰ ਸਦਾ ਬਣਾਈ ਰਖੀਏ।

ਉਹਨਾਂ ਦੀ ਅਪਰੋਚ ਭਾਵੁਕ ਸੀ। ਉਹਨਾਂ ਦੀ ਦੁਨੀਆਂ ਪਤੀ ਅਤੇ ਬੱਚਿਆਂ ਤੱਕ ਹੀ ਸੀਮਿਤ ਸੀ। ਮੇਰੇ ਪਿਤਾ ਲਈ ਜੋ ਕੁਝ ਉਹ ਸੀ, ਉਹ ਇਹ ਸੰਸਕ੍ਰਿਤ ਦਾ ਸ਼ਲੋਕ ਸਪਸ਼ਟ ਕਰਦਾ ਹੈ:

ਕਰਮੇਸ਼ੂ ਦਾਸੀ, ਭੋਜਏਸ਼ੂ ਮਾਤਾ।

ਆਪਣਾ ਪੂਰਾ ਜੀਵਨ ਕਠੋਰ ਮੇਹਨਤ ਨਾਲ ਗੁਜਾਰਣ ਵਾਲੀ ਮੇਰੀ ਮਾਂ ਵਿੱਚ ਅਸੀਮ ਸਾਹਸ ਸੀ। ਜੀਵਨ ਜਿਉਣ ਦੀ ਇੱਕ ਅਨੋਖੀ ਲਲਕ ਸੀ। ਆਪਣੀ ਜ਼ਿੰਦਗੀ ਦੇ 72 ਵੇਂ ਸਾਲ ਵਿੱਚ ਉਹਨਾਂ ਦੇ ਗੋਡੇ ਦਾ ਓਪ੍ਰੇਸ਼ਨ ਹੋਇਆ, ਉਸ ਤੋਂ ਬਾਅਦ ਭੀ ਉਹ ਕਦੇ ਨਿਰਾਸ਼ ਨਹੀਂ ਹੋਈ, ਕਿਉਂਕਿ ਉਹ ਸਦਾ ਜ਼ਿੰਦਗੀ ਨਾਲ ਭਰਪੂਰ ਸੀ। ਡਾਕਟਰ ਦੇ ਕਹੇ ਇਹ ਸ਼ਬਦ ਮੈਂ ਭੁੱਲ ਨਹੀਂ ਸਕਦਾ, "ਕਰਨਲ ਅਗਨੀਹੋਤਰੀ, ਤੁਹਾਡੀ ਮਾਂ ਇੱਕ ਹੌਸਲੇ ਵਾਲੀ ਔਰਤ ਹੈ, ਇਸ ਉਮਰ ਵਿਚ ਅਜਿਹੀ ਪ੍ਰਬਲ ਇੱਛਿਆ ਸ਼ਕਤੀ, ਅਜਿਹਾ ਹੌਸਲਾ ਘੱਟ ਹੀ ਵੇਖਣ ਨੂੰ ਮਿਲਦਾ ਹੈ"। ਇਹ ਸੁਣਕੇ ਇਸ ਸੈਨਿਕ ਦਾ ਸੀਨਾ ਗਰਵ ਨਾਲ ਫੁੱਲ ਗਿਆ। ਉਸ ਦੌਰਾਨ ਮੈਂ, ਮੇਰੀ ਪਤਨੀ ਅਤੇ ਬੇਟਾ ਉਹਨਾਂ ਦੇ ਨਾਲ ਰਹੇ ਯਾ ਇਹ ਕਹੀਏ ਉਹ ਸਾਡੇ ਨਾਲ ਰਹੀਆਂ। ਅਸੀਂ ਫਿਕਰ ਵਿੱਚ ਸੀ, ਉਹਨਾਂ ਨੂੰ ਹੌਸਲਾ ਦੇ ਰਹੇ ਸੀ, ਪਰ ਉਹ ਸਾਡਾ ਹੌਸਲਾ ਵਧਾ ਰਹੀਆਂ ਸੀ, ਉਹਨਾਂ ਦੀ ਗੈਰਹਾਜ਼ਰੀ ਮਹਿਸੂਸ ਹੋ ਰਹੀ ਹੈ। ਅੰਤ ਵਿੱਚ ਇਹੀ ਕਹਾਂਗਾ, ਕਿ :

ਉਸਕੋ ਨਹੀਂ ਦੇਖਾ ਹਮਨੇ ਕਭੀ,
ਪਰ ਉਸਕੀ ਜ਼ਰੂਰਤ ਕਿਆ ਹੋਗੀ,
ਏ ਮਾਂ ਤੇਰੀ ਸੂਰਤ ਸੇ ਅਲੱਗ,
ਭਗਵਾਨ ਕੀ ਸੂਰਤ ਕਿਆ ਹੋਗੀ।
ਬੱਸ ਕੁਝ ਅਜਿਹੀ ਹੀ ਸੀ ਮੇਰੀ ਮਾਂ।

(ਕਰਨਲ, ਆਰ. ਕੇ. ਅਗਨੀਹੋਤਰੀ)
(ਉਹਨਾਂ ਦੇ ਪੁੱਤਰ ਦੀ ਸਨਮਾਨ ਸਹਿਤ ਭੇਂਟ)

ਵਿਗਿਆਨੀਆਂ ਨੇ ਸੌਰ ਮੰਡਲ ਵਿਚ ਇਕ ਹੋਰ ਗ੍ਰਹਿ ਲੱਭਿਆ

ਪਾਸਾਡੋਨਾ ਦੇ ਕੋਲੇਫੋਰਨੀਆਂ ਇੰਸਟੀਚਿਊਟ ਆਫ ਟਕਨਾਲੌਜੀ ਦੇ ਇਕ ਖਗੋਲ ਵਿਗਿਆਨੀ ਨੇ ਸੌਰ ਮੰਡਲ 'ਚ 9 ਗ੍ਰਹਿਆਂ ਤੋਂ ਇਲਾਵਾ ਇਕ ਹੋਰ ਗ੍ਰਹਿ ਦੀ ਹੋਂਦ ਦੀ ਪੁਸ਼ਟੀ ਕੀਤੀ ਹੈ ਜੋ ਕਿ ਪਲੂਟੋ ਤੋਂ ਡੇਢ ਗੁਣਾ ਆਕਾਰ ਦਾ ਹੈ ਅਤੇ ਇਹ ਸੂਰਜ ਤੋਂ 14।5 ਅਰਬ ਕਿਲੋਮੀਟਰ ਦੂਰ ਹੈ। ਇਹ ਕਰਤਾ ਮਾਈਕਲ ਬਰਾਊਨ ਨੇ ਦਸਿਆ ਕਿ ਇਹ 2003 ਯੂਬੀ 313 ਦੇ ਨਾਂਅ ਵਾਲਾ ਇਹ ਬਰਫ ਤੇ ਚਟਾਨ ਤੋਂ ਬਣਿਆਂ ਗ੍ਰਹਿ ਕੁਝ ਸਮਾਂ ਪਹਿਲਾਂ ਵੀ ਦੇਖਿਆ ਗਿਆ ਸੀ ਪਰ ਇਹ ਬਾਕੀ ਗ੍ਰਹਿਆਂ ਦੇ ਗ੍ਰਹਿ-ਪਥ ਦੇ ਮੁਕਾਬਲੇ ਇਸ ਦੇ ਪਥ ਦਾ ਕੋਣ 45 ਡਿਗਰੀ ਹੋਣ ਕਰਕੇ ਇਸ ਦੀ ਖੋਜ 'ਚ ਇੰਨਾ ਸਮਾਂ ਲੱਗ ਗਿਆ। ਉਨ੍ਹਾਂ ਦੱਸਿਆ ਕਿ ਇਹ ਸੂਰਜ ਦੁਆਲੇ 560 ਸਾਲਾਂ 'ਚ ਇਕ ਚੱਕਰ ਪੂਰਾ ਕਰਦਾ ਹੈ। ਬਰਾਊਨ ਨੇ ਕਿਹਾ ਕਿ ਸਾਨੂੰ ਪੂਰਾ ਯਕੀਨ ਹੋ ਗਿਆ ਕਿ ਇਹ ਪਲੂਟੋ ਤੋਂ ਵੱਡਾ ਪਹਿਲਾ ਗ੍ਰਹਿ ਹੈ। ਨਵਾਂ ਗ੍ਰਹਿ ਜਿਸ ਦਾ ਅਜੇ ਰਸਮੀ ਰੂਪ 'ਚ ਨਾਂਅ ਰੱਖਿਆ ਜਾਣਾ ਹੈ, ਪਲੂਟੋ ਗ੍ਰਹਿ ਜਿੰਨਾ ਹੀ ਵੱਡਾ ਹੈ ਅਤੇ ਇਹ ਸੂਰਜ ਤੋਂ ਪਲੂਟੋ ਨਾਲੋਂ ਲਗਭਗ ਤਿੰਨ ਗੁਣਾ ਦੂਰ ਹੈ। ਇਹ ਬਹੁਤ ਠੰਡਾ ਅਤੇ ਇਸ ਉਪਰ ਹਨ੍ਹੇਰਾ ਹੈ। ਗ੍ਰਹਿ ਦੀ ਖੋਜ ਕੈਲੇਫੋਰਨੀਆਂ 'ਚ ਸੈਨਡੀਗੋ ਨੇੜੇ ਪਲੋਮਰ ਅਬਜ਼ਰਵੇਟਰੀ ਵਿਚ ਸੈਮੂਅਲ ਓਸਚਿਨ ਟੈਲੀਸਕੋਪ ਦੁਆਰਾ ਕੀਤੀ ਗਈ।

ਪ੍ਰਾਰਥਨਾ

ਹੇ ਦੇਵਾਤਮਾ ਸਤਿਗੁਰੂ ! ਮੇਰੀ ਰੱਖਿਆ ਕਰੋ। ਮੈਨੂੰ ਪਾਪ ਜੀਵਨ ਤੋ ਬਚਾਉ। ਸੇਵਕ ਬਣਕੇ ਮੈਂ ਆਪ ਜੀ ਲਈ ਗ੍ਰਹਿਣ ਹੀ ਨਾ ਬਣਿਆਂ ਰਹਾਂ। ਪ੍ਰਤਿਗਿਆ ਪੂਰੀਆਂ ਕਰਦਾ ਰਹਿ ਕੇ ਵੀ ਮੈਂ ਪਾਪੀ ਅਪਰਾਧੀ ਆਪਣੇ ਜੀਵਨ ਵਿਚ ਸਾਰਥਕ ਸਾਬਤ ਨਹੀਂ ਹੋਇਆ।

ਮੇਰੇ ਅੰਦਰ ਅਹੰ, ਸਵਾਰਥ ਸਵੈਛਾ ਚਾਰਤਾ ਕੁਟ ਕੁਟ ਕੇ ਭਰੀ ਹੋਈ ਹੈ। ਸਤਿਗੁਰੂ ਮੈਂ ਆਪਣਾ ਪਾਪੀ ਅਪਰਾਧੀ ਮੂੰਹ ਲੈ ਕੇ ਹੋਰਾਂ ਤੀਕ ਆਪਦੀ ਰੌਸ਼ਨੀ ਨਹੀਂ ਲਿਜਾ ਪਾਇਆ। ਆਪਣੀ ਭਲਾਈ ਦਾ ਰਾਹ ਬੰਦ ਕਰੀ ਬੈਠਾ ਹਾਂ, ਇਹ ਸਾਫ ਸਾਹਮਣੇ ਹੈ।

ਮੈਂ ਚੰਗਾ ਸਿਰਫ ਦਿਖਾਵੇ ਲਈ ਹਾਂ। ਅੰਦਰੋਂ ਕਪਟੀ ਅਕ੍ਰਿਤਘਣ ਹਾਂ। ਨਾ ਚੰਗਾ ਪੁੱਤਰ ਬਣਿਆਂ ਨਾ ਹੀ ਚੰਗਾ ਅਧਿਆਪਕ ਹਾਂ ਨਾ ਚੰਗਾ ਪਤੀ ਅਤੇ ਨਾ ਚੰਗਾ ਬਾਪ ਬਣਿਆ। ਦਿਲ ਹਮਦਰਦੀ ਤੋਂ ਸੱਖਣਾ ਹੈ। ਆਪਣੇ ਬੱਚਿਆ ਦੇ ਵਿਕਾਸ ਦਾ ਬੂਹਾ ਆਪੇ ਹੀ ਢੋਅ ਲਿਆ। ਬੱਚੇ ਚੰਗੇ ਹੁੰਦੇ ਜੇਕਰ ਮੈਂ ਚੰਗਾ ਹੁੰਦਾ। ਬੱਚਿਆਂ ਨਾਲ ਗੁੱਸੇ ਭਰਿਆ ਵਰਤਾਓ ਕਰਦਾ ਹਾਂ। ਕਟੂ ਵਚਨ ਬੋਲਦਾ ਹਾਂ ਇਥੋਂ ਤਕ ਕਿ ਗਾਲੀ ਗਲੋਚ ਵੀ ਕਰਦਾ ਆ ਰਿਹਾ ਹਾਂ। ਸਤਿਗੁਰੂ ਮੈਂ ਨੀਚਤਾ ਅਤੇ ਕਪਟਤਾ ਨਾਲ ਭਰਿਆ ਹੋਇਆ ਹਾਂ। ਮੇਰੇ ਵਿਕਾਸ ਦਾ ਮਾਰਗ ਖੁਲ ਸਕਦਾ ਸੀ ਜੇਕਰ ਮੈਂ ਆਪ ਦਾ ਸੱਚਾ ਸੇਵਕ ਬਣਦਾ। ਇਹ ਸਾਰਾ ਕੁਝ ਤਾਂ ਦਿਖਾਵਾ ਹੀ ਰਿਹਾ ਹੈ ਮੇਰੇ ਅੱਗੇ। ਮੈ ਪਾਪ ਜੀਵਨ ਸਵਾਰਥੀ, ਲਾਲਚੀ, ਕਪਟੀ, ਘਮੰਡੀ ਨੇ ਆਪਣੇ ਰਸਤੇ ਆਪ ਹੀ ਬੰਦ ਕੀਤੇ ਹਨ।

ਸਤਿਗੁਰੂ ਐਸੀ ਕਿਰਪਾ ਕਰੋ ਕਿ ਮੈਂ ਆਪ ਦਾ ਸੱਚਾ ਸੇਵਕ ਸਾਬਤ ਹੋਵਾਂ। ਮੈਂ ਆਪ ਜੀ ਨਾਲ ਕਪਟ ਨਾਂ ਕਰਾਂ, ਜੱਗ ਦਿਖਾਵੇ ਲਈ ਨਾ ਭੁਰਿਆ ਫਿਰਾਂ, ਅੰਦਰੋਂ ਬਾਹਰੋਂ ਇਕ ਹੋਵਾਂ ਇਸੇ ਵਿਚ ਹੀ ਮੇਰੀ ਭਲਾਈ ਹੈ।

ਇਕ ਪਾਠਕ ਲਿਖਦੇ ਹਨ:

ਮੈਂ ਆਸ਼ਾ ਕਰਦਾ ਹਾਂ ਕਿ ਆਪ ਜੀ ਐਧਰ ਕੁਸ਼ਲ ਪੂਰਵਕ ਅਤੇ ਉਤਸਾਹ ਜਨਕ ਢੰਗ ਨਾਲ ਗੁਰੂ ਕਾਰਜ ਵਿਚ ਲੱਗੇ ਹੋਏ ਹੋਵੇਗੇ।

ਜੁਲਾਈ ਦੇ ਹਿਤਸੋਰਤ ਅਤੇ ਧਰਮਜੀਵਨ ਵਿਚੋਂ: ਬੜੇ ਉੱਚ ਜੀਵਨਧਾਰੀਆਂ ਪ੍ਰਤੀ ਅਤੇ ਕਰਮਚਾਰੀਆਂ ਪ੍ਰਤੀ ਆਪ ਜੀ ਦੀ ਕਲਮ ਤੋਂ ਲਿਖੇ ਸ਼ਬਦ, ਪੁਸ਼ਪ ਸਜਿਤ ਰਚਨਾਤਮਕ ਸਿਰਜਣਾਤਮਕਤਾ ਦਾ ਜਲੌਅ ਦੇਖਣ ਨੂੰ ਤੇ ਮਾਣਨ ਨੂੰ ਮਿਲਿਆ।

ਮੇਰੇ ਰਖਵਾਲੇ ਅਤੇ ਮਾਲੀ, ਸ਼੍ਰੀਮਾਨ ਈਸ਼ਵਰ ਸਿੰਘ ਜੀ, ਸ਼੍ਰੀਮਾਨ ਮੇਵਾ ਸਿੰਘ ਜੀ, ਸ਼੍ਰੀਮਾਨ ਗੁਰਵੰਤ ਸਿੰਘ ਜੀ, ਸ਼੍ਰੀਮਾਨ ਗੁਰਬਖਸ਼ ਸਿੰਘ ਜੀ ਬਾਰੇ ਪੜ੍ਹ ਕੇ ਚੰਗਾ ਲੱਗਿਆ ਤੇ ਮਹਿਸੂਸ ਹੋਇਆ ਕਿ ਮੈਂ ਪਿਛਲੇ ਅਰਸੇ ਵਿਚ ਗੁਰੂ ਘਰ ਤੋਂ ਬੇਮੁਖ ਹੋ ਕੇ ਅਤੇ ਮਨਮੁੱਖ ਹੋ ਕੇ ਵਿਚਰ ਰਿਹਾ ਹਾਂ ਅਤੇ ਸੰਸਾਰਕ ਅਗਨੀ ਵਿਚ ਜਲ ਰਿਹਾ ਹਾਂ।

ਸ਼੍ਰੀਮਾਨ ਦੇਵਤ ਸਿੰਘ ਜੀ, ਸ਼੍ਰੀਮਾਨ ਮਨੋਹਰ ਲਾਲ ਜੀ ਅਤੇ ਸ਼੍ਰੀਮਾਨ ਪੀ. ਵੀ. ਕਨਲ ਜੀ ਬਾਰੇ ਹਿੰਦੀ ਵਿਚ ਪੜ੍ਹ ਕੇ ਹਿਰਦੇ ਨਰਮ ਹੋਇਆ। ਸ਼੍ਰੀਮਾਨ ਕਨਲ ਜੀ ਦੇ ਪੁਰਾਣੇ ਸ਼ਰਧਾਵਾਨ ਪ੍ਰੋਫੈਸਰ ਪ੍ਰੀਤਮ ਸਿੰਘ ਪਟਿਆਲਾ ਨੇ ਪਿਛਲੇ ਦਿਨੀਂ ਬੜੀ ਤਾਰੀਫ ਕੀਤੀ ਸੀ- ਉਹ ਫਿਰੋਜਪੁਰ ਵਿਖੇ ਡਾ: ਐਸ. ਪੀ. ਕਨਲ ਜੀ ਤੋਂ ਪੜ੍ਹੇ ਵੀ ਹੋਏ ਹਨ। ਮੈਂ ਇਹ ਲੇਖ ਉਹਨਾਂ ਨੂੰ ਭਿਜਵਾ ਰਿਹਾ ਹਾਂ। ਤੁਸੀ. ਉੱਚਕੋਟੀ ਦੇ ਵਕਤਾ ਦੇ ਨਾਲ ਨਾਲ ਅੱਛੇ ਲਿਖਾਰੀ ਵੀ ਹੋ- ਕਾਸ਼ ਆਪ ਸਦਾ ਸਿਹਤਯਾਬ ਰਹੋ ਅਤੇ ਦੀਰਘ ਆਯੂ ਪ੍ਰਾਪਤ ਕਰਕੇ ਸਾਡੇ ਜਿਹੇ ਵਜੂਦਾਂ ਨੂੰ ਗੁਰੂ ਮਹਾਰਾਜ ਜੀ ਦੇ ਪ੍ਰਭਾਵ ਪੁਹੁੰਚਾਉਣ ਵਿਚ ਸਫਲਤਾ ਹਾਸਿਲ ਕਰ ਸਕੋ-

(ਇਕ ਸੇਵਕ)

ਸ਼ਰਧਾਂਜਲੀ ਸਭਾ

ਜਿਸ ਤਰ੍ਹਾਂ ਕਿ ਜੂਨ-ਜੁਲਾਈ ਦੇ ਅੰਕ ਵਿੱਚ ਦੇਹ-ਤਿਆਗੀ ਦੇ ਬਾਰੇ ਵਿੱਚ ਸਭਾਵਾਂ ਦਾ ਨੋਟਿਸ ਦਿੱਤਾ ਗਿਆ ਸੀ ਕਿ ਸਾਡੇ ਅਜੀਜ਼ ਸਾਥੀ ਸ਼੍ਰੀਮਾਨ ਬਲਕਾਰ ਸਿੰਘ ਜੀ ਆਪਣੀ ਭਰੀ ਜਵਾਨੀ ਵਿੱਚ ਸਾਨੂੰ ਛੱਡ ਗਏ ਸਨ। ਉਹਨਾਂ ਨੂੰ ਸ਼ਰਧਾਂਜਲੀ ਭੇਂਟ ਕਰਨ ਲਈ ਸ਼੍ਰੀਮਾਨ ਬਲਦੇਵ ਸਿੰਘ ਜੀ, ਸ਼੍ਰੀਮਾਨ ਮੇਹਰ ਸਿੰਘ ਜੀ, ਸ਼੍ਰੀਮਾਨ ਬਲਬਹਾਦੁਰ ਸਿੰਘ ਜੀ, ਸ਼੍ਰੀਮਾਨ ਸੁਖਦੇਵ ਜੀ 5 ਮਈ ਸ਼ਾਮ ਨੂੰ ਕੇਸੂ-ਪਰ ਪੁਜ ਗਏ ਸੀ। ਉਹਨਾਂ ਨੇ ਪਰਿਵਾਰਕ ਜਨਾਂ ਨੂੰ ਧੀਰਜ ਦਿੱਤੀ। ਰਾਤ ਨੂੰ ਸ਼੍ਰੀਮਾਨ ਬਲਬਹਾਦੁਰ ਸਿੰਘ ਜੀ ਨੇ ਦੇਹ ਤਿਆਗੀ ਦੇ ਗੁਣਾਂ ਦਾ ਬਿਆਨ ਕੀਤਾ ਤੇ ਸ਼ੁੱਭ ਕਾਮਨਾ ਦੀ ਇਕ ਸਭਾ ਕੀਤੀ।

ਅਗਲੇ ਦਿਨ ਫੇਰ ਇੱਕ ਸਭਾ ਕੀਤੀ ਗਈ ਤੇ ਦੱਸਿਆ ਗਿਆ ਕਿ ਚੰਗੇ ਕੰਮ ਕਰਨ ਦਾ ਆਤਮਾ ਤੇ ਕੀ ਅਸਰ ਹੁੰਦਾ ਹੈ। ਕਿਸ ਪ੍ਰਕਾਰ ਦਾ ਕੰਮ ਗੁਰੂ ਮਹਾਰਾਜ ਦੇ ਅਸਰਾਂ ਨੇ ਬਲਕਾਰ ਸਿੰਘ ਜੀ ਦੇ ਜੀਵਨ ਵਿੱਚ ਕੀਤਾ, ਇਸਦਾ ਵਰਨਣ ਕੀਤਾ ਗਿਆ। ਸਾਨੂੰ ਬਲਕਾਰ ਸਿੰਘ ਜੀ ਦੇ ਪਰਿਵਾਰ ਪ੍ਰਤੀ ਆਪਣੀਆਂ ਜ਼ਿੰਮੇਵਾਰੀਆਂ ਨਿਭਾਕੇ ਉਹਨਾਂ ਨੂੰ ਸੱਚੀ ਸ਼ਰਧਾਂਜਲੀ ਦੇਣੀ ਚਾਹੀਦੀ ਹੈ।

7 ਮਈ ਨੂੰ ਖਾਸ ਸ਼ਰਧਾਂਜਲੀ ਸਭਾ ਰੱਖੀ ਗਈ। ਦੇਹ ਤਿਆਗੀ ਦਾ ਸੁੰਦਰ ਫੋਟੋ ਰੱਖਕੇ ਫੁਲਾਂ ਨਾਲ ਉਸ ਨੂੰ ਸਜਾਇਆ ਗਿਆ। ਸੁੰਦਰ ਗੁਲਾਬ ਦੇ ਫੁੱਲਾਂ ਤੇ ਹਾਰਾਂ ਦਾ ਪ੍ਰਬੰਧ ਕੀਤਾ ਗਿਆ।

11 ਵਜੇ ਇਹ ਸਭਾ ਸ਼੍ਰੀਮਾਨ ਬਲਦੇਵ ਸਿੰਘ ਜੀ ਨੇ ਕਰਵਾਈ।

"ਹਮਾਰੇ ਪੂਜਨੀ ਸਤਿਗੁਰੂ ਜੀ ਤੂਮ ਹੋ ਧੰਨ" ਨਾਮਕ ਭਜਨ ਦਾ ਗਾਨ ਕੀਤਾ ਗਿਆ। ਗੁਰੂ ਮਹਾਰਾਜ ਦਾ ਛਵੀ ਦੁਆਰਾ ਅਰਚਨ ਕਰਕੇ ਬਲਕਾਰ ਸਿੰਘ ਜੀ ਦੀ ਫੋਟੋ ਅੱਗੇ ਫੁਲ ਰੱਖਕੇ ਉਹਨਾਂ ਦਾ ਸਨਮਾਨ ਕੀਤਾ।

ਫੇਰ ਸਭਾਪਤੀ ਜੀ ਨੇ ਸਭ ਦੇ ਇਕੱਠੇ ਹੋਣ ਦਾ ਮਕਸਦ ਦੱਸਿਆ ਕਿ ਬਲਕਾਰ ਸਿੰਘ ਜੀ ਕਿਵੇਂ ਸਾਥੋਂ ਜੁਦਾ ਹੋ ਗਏ ਹਨ। ਉਸ ਦੁਖਦਾਈ ਘਟਨਾਂ ਦਾ ਬਿਆਨ ਕੀਤਾ।

ਸਭਾ ਵਿੱਚ ਦੱਸਿਆ ਕਿ ਸਾਨੂੰ ਕਿਨ੍ਹਾ ਵੱਡਾ ਭੁਲੇਖਾ ਹੈ ਕਿ ਅਸੀਂ ਸਦਾ ਆਪਣੇ ਆਪ ਨੂੰ ਠੀਕ ਸਮਝਦੇ ਹਾਂ, ਪਰ ਠੀਕ ਉਹ ਗਲ ਹੈ, ਜੋ ਵਿਗਿਆਨ ਦੀ ਕਸੌਟੀ ਤੇ ਠੀਕ ਉਤਰੇ। ਬਾਕੀ ਸਭ ਮਿੱਥਿਆ ਹੈ।

ਅਸੀਂ ਸਭ ਨੇ ਹੀ ਇਸ ਦੁਨੀਆਂ ਤੋਂ ਜਾਣਾ ਹੈ, ਬਲਕਾਰ ਸਿੰਘ ਜੀ ਦਾ ਭਰੀ ਜਵਾਨੀ ਵਿੱਚ ਚਲੇ ਜਾਣਾ ਬਹੁਤ ਵੱਡਾ ਸਦਮਾ ਹੈ। ਇਸ ਨਾਲ ਜੋ ਦਿਲਾਂ ਵਿੱਚ ਜ਼ਖਮ ਹੋਏ ਹਨ, ਉਹ ਭਰਣ ਵਿੱਚ ਬਹੁਤ ਸਮਾਂ ਲਗੇਗਾ। ਰੋਣ ਪਿੱਟਣ ਨਾਲ ਬਿਛੜੀ ਹੋਈ ਆਤਮਾ ਨੂੰ ਬਹੁਤ ਦੁੱਖ ਪਹੁੰਚਦਾ ਹੈ। ਇਸ ਤੋਂ ਬਚਣਾ ਚਾਹੀਦਾ ਹੈ, ਉਹਨਾਂ ਲਈ ਦਿਲ ਦੇ ਗਹਿਰੇ ਭਾਵਾਂ ਨਾਲ ਸ਼ੁਭ ਕਾਮਨਾ ਕਰਨੀ ਚਾਹੀਦੀ ਹੈ।

ਉਹਨਾਂ ਦੇ ਸੰਬੰਧ ਵਿਚ "ਪਰਲੋਕ ਕੇ ਸੰਬੰਧੀਉ, ਕੋ, ਹਮ ਨਹੀਂ ਬਿਸਰਾਏਂਗੇ" ਦਾ ਭਜਨ ਗਾਇਆ ਗਿਆ।

ਫੇਰ ਸਭਾ ਵਿੱਚ ਦੱਸਿਆ ਗਿਆ ਕਿ ਜੇ ਬਲਕਾਰ ਸਿੰਘ ਜੀ ਭਰੀ ਜਵਾਨੀ ਵਿੱਚ ਜਾ ਸਕਦੇ ਹਨ ਤਾਂ ਅਸੀਂ ਕਿਸ ਬਾਗ ਦੀ ਮੂਲੀ ਹਾਂ। ਮੌਤ ਨੂੰ ਸਦਾ ਯਾਦ ਰਖੋ। ਮੌਤ ਨੂੰ ਯਾਦ ਰਖਣ ਦਾ ਮਤਲਬ ਹੈ ਕਿ ਅਸੀਂ ਮੌਤ ਲਈ ਤਿਆਰੀ ਕਰੀਏ, ਕਿਉਂਕਿ ਕਿਸੇ ਭੀ ਸਮੇਂ ਸਾਡੀ ਵਾਰੀ ਆ ਸਕਦੀ ਹੈ।

ਦੂਜੀ ਗੱਲ ਇਹ ਹੈ ਕਿ ਅਸੀਂ ਉਹਨਾਂ ਦੇ

ਗੁਣਾਂ ਨੂੰ ਸਾਮ੍ਹਣੇ ਲਿਆਕੇ, ਉਹਨਾਂ ਦੀਆਂ ਮੇਹਰਬਾਨੀਆਂ ਨੂੰ ਸਾਹਮਣੇ ਲਿਆਕੇ ਉਹਨਾਂ ਨੂੰ ਸ਼ਬਧਾਂਜਲੀ ਦੇ ਸਕੀਏ।

ਚੌਥੀ ਗੱਲ ਆਪਣੇ ਵਿਹਾਰਾਂ ਨੂੰ, ਉਹਨਾਂ ਪ੍ਰਤੀ ਆਪਣੀਆਂ ਗਲਤੀਆਂ ਨੂੰ ਸਾਮ੍ਹਣੇ ਲਿਆਕੇ ਖਿਮਾ ਮੰਗਕੇ ਅਸੀਂ ਆਪਣਾ ਹਿਤ ਕਰ ਸਕਦੇ ਹਾਂ ਅਤੇ ਉਹਨਾਂ ਲਈ ਸ਼ੁਭ ਕਾਮਨਾ ਕਰ ਸਕਦੇ ਹਾਂ।

ਹੁਣ ਅਸੀਂ ਸੋਚਣਾ ਇਹ ਹੈ ਕਿ ਮਰਣ ਤੋਂ ਬਾਅਦ ਇਨਸਾਨ ਕਿੱਥੇ ਜਾਂਦਾ ਹੈ। ਸਾਇੰਸ ਇਹ ਦਸਦੀ ਹੈ ਕਿ ਮਰਨ ਵਾਲਾ ਮਨੁਖ, ਮਨੁਖ ਹੀ ਬਣ ਸਕਦਾ ਹੈ, ਗਧਾ, ਘੋੜਾ ਕੁਝ ਨਹੀਂ ਬਣਦਾ। ਮਨੁਖ ਦੀ ਜੀਵਨੀ ਸ਼ਕਤੀ ਹੀ ਸਰੀਰ ਨਿਰਮਾਣ ਕਰ ਸਕਦੀ ਹੈ, ਉਸਨੂੰ ਜਿਉਂਦਾ ਰਖਦੀ ਹੈ, ਉਸਦੀ ਰੱਖਿਆ ਕਰਦੀ ਹੈ ਅਤੇ ਆਪਣੇ ਜਿਹੇ ਹੋਰ ਵਜੂਦ ਬਨਾਉਣ ਦੀ ਯੋਗਤਾ ਰਖਦੀ ਹੈ।

ਮਰਨ ਉਪਰਾਂਤ ਸੂਖਮ ਸਰੀਰ ਕਿਸ ਪ੍ਰਕਾਰ ਬਣਦਾ ਹੈ, ਇਸਦਾ ਵਰਨਣ ਕੀਤਾ ਗਿਆ।

ਹਰ ਮਨੁਖ ਜਿਉਂਦਾ ਰਹਿਣਾ ਚਾਹੁੰਦਾ ਹੈ, ਮਰਨਾ ਨਹੀਂ ਚਾਹੁੰਦਾ। ਅਸੀਂ ਦੂਜਿਆਂ ਨੂੰ ਸੰਵਾਰਕੇ ਸੰਵਰਦੇ ਹਾਂ, ਬਿਗਾੜਕੇ ਬਿਗੜਦੇ ਹਾਂ, ਇਹ ਨੇਚਰ ਦਾ ਅਟਲ ਨੇਮ ਹੈ। ਪਰਲੋਕ ਵਿੱਚ ਭੀ ਉਹੀ ਜਿਉਂਦਾ ਰਹਿ ਸਕਦਾ ਹੈ, ਜੋ ਨੇਚਰ ਦੇ ਵਿਕਾਸ ਵਿੱਚ ਮਦਦਗਾਰ ਹੁੰਦਾ ਹੈ। ਕਿਸ ਪ੍ਰਕਾਰ ਦੇ ਲੋਕ ਪਰਲੋਕ ਵਿਚ ਨਹੀਂ ਜਾ ਸਕਦੇ?:-

1. *ਜੋ ਧਨ, ਧਰਤੀ ਜਾ ਦੁਨਿਆਵੀ ਪਦਾਰਥਾਂ ਨਾਲ ਬਹੁਤ ਬੰਨ੍ਹੇ ਹੋਏ ਹੋਣ।*
2. *ਜੋ ਨਸ਼ਿਆਂ ਦੇ ਗੁਲਾਮ ਹੋਣ।*
3. *ਜੋ ਸੰਬੰਧੀਆਂ ਦਾ ਮੋਹ, ਪੋਜੀਸ਼ਨ, ਪਦਵੀ ਦਾ ਬੰਧਨ ਰਖਦੇ ਹੋਣ।*
4. *ਜਿਸ ਜਨ ਵਿਚ ਕਾਮ-ਵਾਸਨਾ ਸੰਬੰਧੀ ਸੁਖ ਵਧ ਜਾਣ।*

ਇਸ ਤੋਂ ਛੁੱਟ ਮਿੱਥਿਆ ਅਤੇ ਪਾਪਾਚਾਰ ਆਤਮਾ ਨੂੰ ਬੇਹੱਦ ਹਾਨੀ ਪਹੁਚਾਉਂਦੇ ਹਨ।

ਗੁਰੂ ਮਹਾਰਾਜ ਨੇ ਸਤਿ ਅਤੇ ਸ਼ੁਭ ਅਨੁਰਾਗਾਂ ਵਿੱਚ ਵਿਕਸਿਤ ਹੋਕੇ ਫਰਮਾਇਆ ਹੈ ਕਿ ਜੋ ਸਿੱਖਿਆ ਵਿਗਿਆਨ ਦੀਆਂ ਕਸੌਟੀਆਂ ਤੇ ਸਹੀ ਨ ਉਤਰੇ, ਉਹ ਛੱਡ ਦੇਣ ਦੇ ਯੋਗ ਹੈ।

ਇਸ ਤੋਂ ਬਾਅਦ ਸਭਾਪਤੀ ਜੀ ਨੇ ਬਲਕਾਰ ਸਿੰਘ ਜੀ ਦੇ ਗੁਣਾਂ ਦਾ ਬਿਆਨ ਕੀਤਾ ਅਤੇ ਉਹਨਾਂ ਪ੍ਰਤੀ ਸ਼ੁਭ ਕਾਮਨਾ ਕੀਤੀ।

ਹੇਠ ਲਿਖੇ ਜਨਾਂ ਨੇ ਬਲਕਾਰ ਸਿੰਘ ਜੀ ਪ੍ਰਤੀ ਆਪਣੀ ਸ਼ਰਧਾਂਜਲੀ ਭੇਂਟ ਕੀਤੀ।

ਸ਼੍ਰੀਮਾਨ ਗੁਰਦੇਵ ਰਾਜ ਜੀ:- ਮੇਰਾ ਇਸ ਪਰਿਵਾਰ ਨਾਲ 25 ਸਾਲਾਂ ਤੋਂ ਸੰਬੰਧ ਹੈ। ਇਹਨਾਂ ਭਾਈਆਂ ਨੇ ਮੇਰੀ ਦੁੱਖ ਤਕਲੀਫ ਵਿੱਚ ਜਿੰਨੀ ਮਦਦ ਕੀਤੀ ਹੈ ਉਸਦਾ ਬਿਆਨ ਨਹੀਂ ਹੋ ਸਕਦਾ (ਆਪ ਜੀ ਦਾ ਦਿਲ ਭਰਿਆ ਹੋਇਆ ਸੀ) ਸ਼੍ਰੀਮਾਨ ਬਲਕਾਰ ਸਿੰਘ ਜੀ ਮੇਰੀ ਖੇਤਾਂ ਵਿੱਚ ਕੰਮ ਕਰਣ ਵਿੱਚ, ਆਪਣਾ ਕੰਮ ਸਮਝਕੇ ਮਦਦ ਕਰਦੇ ਰਹੇ। ਮੈਂ ਕਈ ਵਾਰੀਂ ਆਪਣੇ ਗਰਮ ਸੁਭਾਉ ਦੇ ਕਾਰਨ ਗੁੱਸੇ ਹੋ ਜਾਂਦਾ, ਉਸ ਲਈ ਮੈਂ ਖਿਮਾ ਮੰਗਦਾ ਹਾਂ। ਉਹਨਾਂ ਦੀਆਂ ਈਮਾਨਦਾਰੀ ਦੀਆ ਘਟਨਾਵਾਂ ਦਾ ਬਿਆਨ ਕੀਤਾ।

ਸ਼੍ਰੀਮਾਨ ਮੇਹਰ ਸਿੰਘ ਜੀ:- ਜਦੋਂ ਤੱਕ ਕੋਈ ਇਸ ਦੁਨੀਆਂ ਵਿੱਚ ਰਹਿੰਦਾ ਹੈ, ਅਸੀਂ ਉਸਦੀ ਕਦਰ ਨਹੀਂ ਜਾਣਦੇ। ਸ਼੍ਰੀਮਾਨ ਜੀ ਦੇ ਇਸ ਦੁਨੀਆਂ ਵਿਚ ਚਲੇ ਜਾਣ ਦੀ ਖਬਰ ਮਿਲੀ ਤਾਂ ਮੈਨੂੰ ਏਨ੍ਹਾਂ ਸਦਮਾ ਲੱਗਾ ਕਿ 2 ਮਿੰਟ ਤਕ ਮੈਂ ਆਪਣੀ ਧਰਮ ਪਤਨੀ ਦੇ ਪੁੱਛਣ ਤੇ ਵੀ ਦੱਸ ਨਹੀਂ ਸਕਿਆ।

ਦੁਨੀਆਂ ਵਿੱਚ ਲਖਾਂ, ਕਰੋੜਾਂ ਮਨੁਖ ਪਸ਼ੂ ਦੇ Level ਤੇ ਹੀ ਜਿਉਂਦੇ ਹਨ। ਪਰ ਕੁਝ ਅਜਿਹੇ ਹੁੰਦੇ ਹਨ ਜੋ ਆਪਣੇ ਨਾਲ ਨਾਲ ਦੂਜਿਆ ਬਾਰੇ ਵੀ ਸੋਚਦੇ ਹਨ।

ਕੁਝ ਲੋਕ ਦੂਜਿਆਂ ਲਈ ਕੁਰਬਾਨੀਆਂ ਕਰਦੇ ਹਨ।

ਬਲਕਾਰ ਸਿੰਘ ਜੀ ਤੇ ਗੁਰੂ ਮਹਾਰਾਜ ਦਾ ਕਾਰਜ ਹੋਇਆ ਹੈ। ਉਹਨਾਂ ਦੀਆਂ ਈਮਾਨਦਾਰੀ ਦੀਆਂ ਘਟਨਾਵਾਂ ਦੱਸੀਆਂ। ਅਸੀਂ ਉਹਨਾਂ ਦੀ ਅਤੇ ਉਹਨਾਂ ਦੇ ਪਰਿਵਾਰ ਦੀ ਸਹਾਇਤਾ ਕਰਦੇ ਰਹੀਏ ਅਤੇ ਮੈਂ ਉਹਨਾਂ ਲਈ ਸ਼ੁਭਕਾਮਨਾ ਕਰਦਾ ਹਾਂ।

ਸ਼੍ਰੀਮਾਨ ਜਾਗੀਰ ਸਿੰਘ ਜੀ:- ਜੋ ਗੁਣ ਸ਼੍ਰੀਮਾਨ ਬਲਕਾਰ ਸਿਘ ਜੀ ਵਿੱਚ ਸਨ, ਉਹ ਮੇਰੇ ਵਿੱਚ ਇੱਕ ਵੀ ਨਹੀਂ। ਉਹਨਾਂ ਦਾ ਜੀਵਨ ਮਹਾਨ ਪਰੋਪਕਾਰੀਆਂ ਵਰਗਾ ਸੀ। ਪਿੰਡ ਦੇ ਕਿਸੇ ਜਨ ਨੂੰ ਲੋੜ ਪੈਂਦੀ, ਤਾਂ ਉਹ ਆਪਣੇ ਸਕੂਟਰ ਤੇ ਛੱਡਕੇ ਆਉਂਦੇ। ਆਪਣੇ ਫਾਇਦੇ ਲਈ ਉਹ ਖਰਾਬ ਫਲਾਂ ਦਾ ਰਸ ਕਿਸੇ ਨੂੰ ਨਹੀਂ ਪਿਲਾਉਂਦੇ ਸੀ। ਦੂਜਿਆਂ ਦੇ ਭਲੇ ਬਾਰੇ ਸੋਚਦੇ ਸੀ। ਮੇਰੇ ਤੇ ਉਹਨਾਂ ਦੇ ਬਹੁਤ ਹੀ ਉਪਕਾਰ ਹਨ। ਕਾਸ਼! ਮੈਂ ਉਹਨਾਂ ਨੂੰ ਮਹਿਸੂਸ ਕਰ ਸਕਾਂ, ਅਤੇ ਉਹਨਾਂ ਦੇ ਪਰਿਵਾਰ ਲਈ ਕੁਝ ਕਰ ਸਕਾਂ।

ਸ਼੍ਰੀਮਾਨ ਸੁਖਦੇਵ ਜੀ:- ਮੈਂਨੂੰ ਗਰਵ ਹੈ ਕਿ ਸ਼੍ਰੀਮਾਨ ਬਲਕਾਰ ਸਿੰਘ ਜੀ ਦਾ ਸਾਥੀ ਸੇਵਕ ਹਾਂ। ਉਹ ਬਹੁਤ ਚੰਗੇ ਦਿਲ ਦੇ ਮਾਲਿਕ ਸੀ। ਉਹਨਾਂ ਅੰਦਰ ਈਮਾਨਦਾਰੀ, ਪਵਿਤ੍ਰਤਾ, ਸ਼ੁਕਰਗੁਜ਼ਾਰੀ, ਵੱਡਿਆਂ ਲਈ ਸਨਮਾਨ ਅਤੇ ਆਪਣੀਆਂ ਕਮੀਆਂ ਵੇਖਣ ਦਾ ਗੁਣ ਸੀ। ਉਹ ਪਵਿਤ੍ਰ ਸਨ। ਉਹ ਮਿੱਥਿਆ ਵਿਸ਼ਵਾਸਾਂ ਤੋਂ ਬਚੇ ਹੋਏ ਸਨ। ਸ਼੍ਰੀਮਾਨ ਜੀ ਜ਼ਿਆਦਾ ਪੜ੍ਹੇ ਲਿਖੇ ਨਾ ਹੋਕੇ ਵੀ ਮਿੱਥਿਆ ਵਿਸ਼ਵਾਸਾਂ ਬਾਰੇ ਬਹੁਤ logic ਨਾਲ ਦੂਜਿਆਂ ਨੂੰ ਸਮਝਾਉਂਦੇ ਸਨ। ਇਸ ਪੱਖ ਵਿੱਚ ਉਹ ਹੀਰੇ ਸਨ, ਜਦੋਂ ਕਿ Western Thinker ਵੀ ਉਹਨਾਂ ਮਿੱਥਿਆ ਵਿਸ਼ਵਾਸਾਂ ਵਿੱਚ ਫਸੇ ਹੋਏ ਸਨ।

ਸ਼ੁਕਰਗੁਜ਼ਾਰੀ ਦਾ ਦਾਅਵਾ ਤਾਂ ਅਸੀਂ ਸਭ ਕਰਦੇ ਹਾਂ, ਪਰ ਉਹ ਸੱਚੇ ਸ਼ੁਕਰਗੁਜ਼ਾਰ ਸੀ। ਆਪਣੇ ਭਰਾਂਵਾਂ ਨੂੰ ਸੂਟ ਦੇ ਕੇ ਉਹਨਾਂ ਆਪਣੀ ਸ਼ੁਕਰਗੁਜ਼ਾਰੀ ਪ੍ਰਗਟ ਕੀਤੀ। ਭਰੀ ਸਭਾ ਵਿੱਚ ਆਪਣੇ ਭਾਈਆਂ ਦੇ ਪੈਰਾਂ ਵਿੱਚ ਡਿੱਗ ਪਏ, ਉਹ ਬੜ੍ਹਾ ਸੁੰਦਰ ਨਜ਼ਾਰਾ ਸੀ।

ਆਪਣੀ ਛੋਟੀ ਜਿਹੀ ਜ਼ਿੰਦਗੀ ਵਿੱਚ ਇੱਕ ਥੋੜੀ ਦੇਰ ਰਹਿਣ ਵਾਲੇ ਫੁੱਲ ਵਾਂਗ ਉਹ ਖੁਸ਼ਬੂ ਬਖੇਰ ਗਏ । ਮੌਤ ਵੀ ਉਹਨਾਂ ਦੀ ਅੰਦਰੂਨੀ ਸੁੰਦਰਤਾਂ ਨੂੰ ਖਤਮ ਨਹੀਂ ਕਰ ਸਕਦੀ। ਮੈਂ ਉਹਨਾਂ ਦੇ ਪਰਿਵਾਰ ਦੇ ਲਈ ਕੁਝ ਕੰਮ ਆ ਸਕਾਂ ਤਾਂ ਮੇਰਾ ਸੁਭਾਗ ਹੈ।

ਸ਼੍ਰੀਮਾਨ ਜੀਤ ਸਿੰਘ ਜੀ:- ਇੱਕ ਭਾਈ ਆਪਣੇ ਭਾਈ ਨੂੰ ਮੱਥਾ ਟੇਕਦਾ ਹੈ। ਜੇ ਮੈਂ ਉੱਚਾ ਵੀ ਬੋਲਿਆ ਤਾਂ ਉਸਨੇ ਹੁਕਮ ਸਮਝਕੇ ਮਨ੍ਹਿਆ। ਉਹਨਾਂ ਵਿੱਚ ਕਈ ਪਹਿਲੂਆਂ ਵਿੱਚ ਚੰਗੀ ਯੋਗਤਾ ਸੀ। ਦੁਕਾਨਦਾਰੀ ਦੇ ਕਾਰਨ ਕੁਝ ਹੀ ਮਹੀਨਿਆਂ ਵਿੱਚ ਆਸ-ਪਾਸ ਦੇ ਪਿੰਡਾਂ ਵਿਚ ਵੀ ਉਹਨਾਂ ਦੇ ਏਨੇ ਮਿੱਠੇ ਸੰਬੰਧ ਬਣ ਗਏ ਸੀ ਕਿ ਹੋਰ ਪਿੰਡਾ ਵਾਲਿਆਂ ਨੇ ਵੀ ਉਹਨਾਂ ਦੀ ਮੌਤ ਸੁਣਕੇ ਆਪਣੀਆਂ ਦੁਕਾਨਾਂ ਬੰਦ ਕਰ ਦਿੱਤੀਆਂ। ਸਾਡੀ ਮਾਤਾ ਤੇ ਉਹਨਾਂ ਦੀ ਧਰਮ ਪਤਨੀ ਤੇ ਕੀ ਬੀਤ ਰਹੀ ਹੈ, ਇਸ ਦਾ ਅਸੀਂ ਅਨੁਮਾਨ ਨਹੀਂ ਕਰ ਸਕਦੇ। ਬੱਚਿਆਂ ਦੇ ਨਾਨਾ ਪਰਿਵਾਰ ਅੱਗੇ ਸਾਡੀ ਬੇਨਤੀ ਹੈ ਕਿ ਉਹ ਆਉਂਦੇ ਰਹਿਣ, ਆਪਣਾ ਸਨੇਹ ਦਿੰਦੇ ਰਹਿਣ। ਮੈਂ ਉਸਦੇ ਪਰਿਵਾਰ ਦੀਆਂ ਸਭ ਜ਼ਿੰਮੇਵਾਰੀਆਂ ਨਿਭਾਵਾਂਗਾ। (ਰੋ ਰੋ ਕੇ) ਉਹਨਾਂ ਦੀ ਆਤਮਾ ਨੂੰ ਸ਼ਾਨਤੀ ਮਿਲੇ।

ਇਸ ਤੋਂ ਬਾਅਦ ਸ਼ੁਭਕਾਮਨਾ ਸੰਬਧੀ ਭਜਨ ਗਾਕੇ ਸ਼ੁਭ ਕਾਮਨਾ ਕੀਤੀ ਗਈ। ਜੈ ਧਵਨੀ ਕਰਕੇ ਸਭਾ ਸਮਾਪਤ ਹੋਈ। 400 ਦੇ ਕਰੀਬ ਜਨ ਇਸ ਸਭਾ ਵਿੱਚ ਸ਼ਾਮਿਲ ਸੀ। ਇਸ ਵਿੱਚ 6300 ਰੁਪਏ ਦਾਨ ਪ੍ਰਾਪਤ ਹੋਇਆ।

(ਇਕ ਸੇਵਕ)

ਸ਼ੁਭ ਸਗਰਾਮ

ਸੰਗਰੂਰ 20-10-05 ਨੂੰ ਸ਼੍ਰੀਮਾਨ ਬਲਦੇਵ ਸਿੰਘ ਜੀ ਚੰਡੀਗੜ੍ਹ ਤੋਂ 2 ਵਜੇ ਰਵਾਨਾ ਹੋਕੇ ਸੰਗਰੂਰ ਪੁਜੇ। ਰਾਤ ਨੂੰ ਸ਼੍ਰੀਮਾਨ ਸੀਤਾ ਰਾਮ ਜੀ ਦੇ ਸਾਰੇ ਪਰਿਵਾਰ ਨੂੰ ਬਿਠਾ ਕੇ ਇਕ ਸਭਾ ਕਰਾਈ। ਉਸ ਵਿੱਚ ਦੱਸਿਆ ਕਿ ਮਨੁੱਖ ਨਸ਼ੇ ਦਾ ਗੁਲਾਮ ਹੋ ਕੇ ਅੰਨ੍ਹਾ ਹੋ ਕੇ ਆਪਣੇ ਪਰਿਵਾਰ ਦੇ ਸਭ ਜੀਆਂ ਨੂੰ ਮਾਰ ਕੱਢਦਾ ਹੈ, ਉਸ ਨੂੰ ਸ਼ਰਾਬ ਤੇ ਨਸ਼ੇ ਦੀ ਸ਼ਰਾਬ ਦਾ ਪਤਾ ਨਹੀਂ ਚਲਦਾ। ਅਸੀਂ ਸਭ ਵੀ ਇਕ ਜਾਂ ਦੂਜੇ ਨਸ਼ੇ ਦਾ ਸ਼ਿਕਾਰ ਹੋ ਕੇ, ਦੇਵ-ਆਤਮਾ ਦੇ ਦਰ ਨਾਲ ਜੁੜਕੇ ਜੋ ਲਾਭ ਉਠਾਉਣਾ ਚਾਹੀਦਾ ਹੈ ਨਹੀਂ ਉਠਾ ਪਾਉਂਦੇ। ਸੰਸਾਰੀ ਕਮਾਂ ਧੰਧਿਆਂ ਵਿੱਚ ਉਮਰ ਗੰਵਾ ਦਿੰਦੇ ਹਾਂ। ਗੁਰੂ ਦਰ ਨਾਲ ਜੁੜ ਕੇ ਅਧਿਆਤਮਕ ਤੌਰ ਨਾਲ ਮਾਲਾ ਮਾਲ ਹੋਣ ਤੋਂ ਵੰਚਿਤ ਰਹਿ ਜਾਂਦੇ ਹਾਂ। ਸਭ ਨੂੰ ਆਪਣੇ ਰਿਸ਼ਤੇਦਾਰਾਂ ਸਮੇਤ ਮਹੋਤਸਵ ਤੇ ਪੁੱਜ ਕੇ ਲਾਭ ਉਠਾਉਣ ਦੀ ਪ੍ਰੇਰਨਾ ਕੀਤੀ ਗਈ।

ਅਗਲੇ ਦਿਨ ਸ਼੍ਰੀਮਾਨ ਜੀ ਏਥੇ ਬਾਅਦ ਦੁਪਹਿਰ ਤੱਕ ਰਹੇ। ਹੋਰ ਹਿੱਤਕਰ ਗਲ-ਬਾਤ ਕਰਦੇ ਰਹੇ। ਇਸ ਤੋਂ ਅੱਗੇ ਸ਼੍ਰੀਮਾਨ ਜੀ ਡਬ-ਵਾਲੀ ਪੁੱਜ ਗਏ।

ਡੱਬ-ਵਾਲੀ :- ਏਥੇ ਰਾਤ ਨੂੰ 7 ਵਜੇ ਸਭਾ ਕੀਤੀ ਗਈ। ਸਭਾ ਵਿੱਚ 20-25 ਇਸਤਰੀ ਪੁਰਖ ਪੁੱਜ ਗਏ ਸਨ। ਸ਼੍ਰੀਮਾਨ ਬਲਦੇਵ ਸਿੰਘ ਜੀ ਨੇ ਸਭਾ ਵਿੱਚ ਦੱਸਿਆ ਕਿ ਧਰਮ ਦੀ ਕੀ ਲੋੜ ਹੈ? ਕੀ ਇਸ ਬਿਨਾਂ ਸਾਰਿਆ ਜਾ ਸਕਦਾ ਹੈ? ਸਭ ਪੜ੍ਹੇ ਲਿਖੇ ਜਨਾਂ ਨੂੰ ਸਮਝਾਉਣ ਦੀ ਕੋਸ਼ਿਸ਼ ਕੀਤੀ ਗਈ। ਸਭਾ ਵਿੱਚ 2-3 ਜਨਾਂ ਨੂੰ ਛੱਡ ਕੇ ਸਭ ਪੜ੍ਹੇ ਲਿਖੇ ਇਸਤਰੀ ਪੁਰਖ ਸਨ। ਸਭ ਨੇ ਬਹੁਤ ਦਿਲਚਸਪੀ ਲਈ। ਅਖੀਰ ਤੇ ਸਭ ਨੂੰ 30-40 ਪੁਸਤਕਾਂ ਵੰਡੀਆਂ ਗਈਆਂ। ਸਭ ਨੇ ਅਗਲੇ ਦਿਨ ਸਭਾ ਰਖਣ ਨੂੰ ਕਿਹਾ।

22 ਤਾਰੀਖ ਸਵੇਰੇ 9 ਵਜੇ ਸਭਾ ਕੀਤੀ ਗਈ। ਇਸ ਵਿੱਚ ਇਕ ਦਰਜਨ ਦੇ ਕਰੀਬ ਇਸਤਰੀ ਪੁਰਖ ਪੁੱਜੇ। ਇਸ ਸਭਾ ਵਿਚ ਪੁੱਛਿਆ ਗਿਆ ਕਿ ਘੜੀ ਨੂੰ ਕੌਣ ਚਲਾਉਂਦਾ ਹੈ? ਫੇਰ ਪੁੱਛਿਆ ਗਿਆ ਕਿ ਕਾਰ ਨੂੰ ਕੌਣ ਚਲਾਉਂਦਾ ਹੈ? ਫੇਰ ਪੁੱਛਿਆ ਗਿਆ ਕਿ ਮਨੁੱਖ ਨੂੰ ਕੌਣ ਚਲਾਉਂਦਾ ਹੈ? ਫੇਰ ਸਮਝਾਇਆ ਗਿਆ ਕਿ ਮਨੁੱਖ ਲਾਲਸਾਂ ਚਲਾਉਂਦੀਆਂ ਹਨ। ਸੁਖਾਂ ਦੇ ਆਕ੍ਸ਼ਣ ਜਾਂ ਭਾਵ ਚਲਾਉਂਦੇ ਹਨ। ਬਹੁਤਾ ਕਰਕੇ ਮਨੁੱਖ ਨੂੰ ਨੀਚ ਸੁਖ ਚਲਾਉਂਦੇ ਹਨ ਤੇ ਉਸ ਦੀ ਬਰਬਾਦੀ ਲਿਆਉਂਦੇ ਹਨ। ਮਨੁੱਖ ਆਪਣੇ ਆਪ ਆਪਣੇ ਚਾਲਕ ਭਾਵਾਂ ਨੂੰ ਜਾਣ ਨਹੀਂ ਸਕਦਾ ਅਤੇ ਨ ਉਨ੍ਹਾਂ ਤੋਂ ਬੱਚ ਸਕਦਾ ਹੈ।

ਗੁਰੂ ਮਹਾਰਾਜ ਮਨੁੱਖ ਨੂੰ ਉਨ੍ਹਾਂ ਦੇ ਚਾਲਕ ਭਾਵ ਦਖਾਉਂਦੇ ਹਨ ਅਤੇ ਅਧਿਕਾਰੀਆਂ ਨੂੰ ਉਨ੍ਹਾਂ ਨੀਚ ਭਾਵਾਂ ਤੋਂ ਛੜਾਉਂਦੇ ਹਨ। ਬਹੁਤ ਚੁਕਵੇਂ ਪਰਿਵਰਤਨ ਸੁਨਾਏ ਗਏ। ਸ: ਹਰਨਾਮ ਸਿੰਘ ਜੀ ਦੇ ਜੀਵਨ ਬਾਰੇ ਦੱਸਿਆ ਗਿਆ।

ਇਸ ਪ੍ਰਕਾਰ ਇਹ ਸੰਗਰਾਮ ਚੰਗਾ ਸਫਲ ਹੋਇਆ। ਆਸ ਹੈ ਕਿ ਹੁਣ ਉੱਥੇ ਕੁਝ ਲੋਕ ਆ ਕੇ ਜਰੂਰ ਲਾਭ ਉਠਾਉਣ ਲੱਗ ਪੈਣਗੇ।

ਖਰਾਜ ਵਾਲਾ:- ਬਾਅਦ ਦੁਪਹਿਰ ਸ਼੍ਰੀਮਾਨ ਬਲਦੇਵ ਸਿੰਘ ਜੀ ਏਥੇ ਪੁੱਜ ਗਏ। ਸਭ ਤੋਂ ਪਹਿਲਾਂ ਪੁਰਾਣੇ ਸਾਥੀ ਸੇਵਕ ਹਰਦਿਆਲ ਸਿੰਘ ਜੀ ਦੇ ਘਰ ਜਾ ਕੇ, ਉਨ੍ਹਾਂ ਦਾ ਅਫਸੋਸ ਕੀਤਾ। ਘਰ ਵਾਲਿਆਂ ਨਾਲ ਸ਼ੋਕ ਪਰਗਟ ਕੀਤਾ। ਫੇਰ ਸਭ ਸ਼ਰਧਾਵਾਨਾਂ ਨੂੰ ਮਿਲੇ। ਸਭ ਨੂੰ ਸਭਾਵਾਂ ਦਾ ਪਤਾ ਦਿੱਤਾ । ਰਾਤ ਨੂੰ 8:30 ਵਜੇ ਸ਼੍ਰੀਮਾਨ ਬਲਦੇ ਵ ਸਿੰਘ ਜੀ ਤੇ ਉਨ੍ਹਾਂ ਦੇ ਬੱਚਿਆਂ ਦੇ ਪਰਿਵਾਰਾਂ ਨੂੰ ਲੈ ਕੇ ਸਭਾ ਕਰਾਈ। 15 ਦੇ ਕਰੀਬ ਜਨ ਅਕੱਠੇ ਹੋ ਗਏ। ਸਭਾ ਵਿਚ ਦੱਸਿਆ ਗਿਆ ਕਿ ਕੁਦਰਤ ਦੇ ਨੇਮਾਂ ਨੂੰ ਜਾਣਨਾ ਅਤੇ ਉਨਾਂ ਤੋਂ ਲਾਭ ਉਠਾਉਣਾ ਮਨੁੱਖ ਦਾ ਵੱਡਾ ਸੁਭਾਗ ਹੈ। ਸੈਰ ਦਾ ਨੇਮ ਪੂਰਾ ਕਰਨ ਦੇ ਲਾਭ ਦਸੇ। ਫੇਰ ਸੰਗਤ ਦੇ ਨ੍ਹੇਮ ਪੂਰਾ ਕਰਨ ਦੇ ਲਾਭ ਦੱਸੇ ਗਏ। ਉਦਾਹਰਣ ਦੇ ਦੇ ਕੇ ਦੱਸਿਆ ਗਿਆ। ਸਭਾ 10.00 ਵਜੇ ਤਕ ਰਹੀ।

23.10.05 ਦੀ ਸਵੇਰ ਇਕ ਸਭਾ ਬਲਦੇਵ ਸਿੰਘ ਨੇ ਬਲਵੰਤ ਸਿੰਘ ਜੀ ਦੇ ਘਰ ਅੰਦਰ ਕਰਾਈ। ਇਸ ਵਿੱਚ ਦੱਸਿਆ ਗਿਆ ਕਿ ਸੱਚੇ ਸੁਖ ਦਾ ਅਤੇ

ਭਲਾਈ ਦਾ ਰਸਤਾ, ਰਖਿਆ ਦਾ ਵਿਕਾਸ ਦਾ ਰਸਤਾ ਗੁਰੂ ਮਹਾਰਾਜ ਨੇ ਦਰਸਾਇਆ ਹੈ। ਵੱਡੇ-ਵੱਡੇ ਰਾਜਪਾਠ ਦੇ ਨਾਲੋਂ ਵੀ ਬੇ-ਸ਼ੁਮਾਰ ਕੀਮਤੀ ਚੀਜ਼ ਦੇਵ-ਆਤਮਾ ਦੇ ਨਾਲ ਜੁੜਨਾ ਹੈ। ਉਨਾਂ ਦੀ ਪੈਦਾ ਕਰਦਾ ਸੰਗਤ ਤੋਂ ਲਾਭ ਉਠਾਉਣਾ ਹੈ। ਇਸ ਤੋਂ ਹੋਰ ਵਧੇਰੇ ਕੀਮਤੀ ਕੋਈ ਚੀਜ਼ ਨਹੀਂ। ਸਭਾ ਨਾਲ ਵੱਧ ਤੋਂ ਵੱਧ ਜੁੜਕੇ ਲਾਭ ਉਠਾਉਣ ਦੀ ਪਰੇਰਨਾ ਕੀਤੀ ਗਈ। 23 ਤਾਰੀਖ ਰਾਤ ਨੂੰ ਫੇਰ ਇਕ ਸਭਾ ਸ਼੍ਰੀਮਾਨ ਬਲਦੇਵ ਸਿੰਘ ਜੀ ਦੇ ਘਰ ਕੀਤੀ ਗਈ। ਇਸ ਵਿੱਚ 12-14 ਜਨ ਸ਼ਾਮਲ ਹੋਏ। ਇਸ ਵਿੱਚ ਦੱਸਿਆ ਗਿਆ ਕਿ ਇਨਸਾਨ ਘਰ-ਘਰ ਦੁਖੀ ਹਨ। ਦੁਨੀਆਂ ਦੇ ਧਰਮ ਦਸਦੇ ਹਨ ਕਿ ਪਰਮਾਤਮਾ ਦੇਵੀ-ਦੇਵਤਿਆਂ ਨੂੰ ਧਿਆਓ, ਜਾਪ ਕਰੋ, ਪਾਠ ਕਰਾਓ, ਤਾਂ ਦੁਖ ਪਾਪ ਦਾ ਨਾਸ਼ ਹੋ ਜਾਵੇਗਾ। ਗੁਰੂ ਮਹਾਰਾਜ ਦਸਦੇ ਹਨ ਕਿ ਤੁਹਾਡੇ ਦੁਖਾਂ ਦੇ ਕਾਰਨ ਤੁਹਾਡੇ ਅੰਦਰ ਦੇ ਸੁਖਾਂ ਦੇ ਪਿਆਰ ਹਨ। ਉਨ੍ਹਾਂ ਨੂੰ ਜਾਣੋਂ, ਉਨ੍ਹਾਂ ਤੋਂ ਮੁਕਤ ਹੋਵੇ ਤਾਂ ਦੁਖਾਂ ਦਾ ਅੰਤ ਹੋ ਜਾਵੇਗਾ। ਗੁਰੂ ਮਹਾਰਾਜ ਸਾਡੇ ਅੰਦਰ ਦੇ ਦੁਖਾਂ ਦੇ ਕਾਰਣਾਂ ਨੂੰ ਦਿਖਾਉਂਦੇ ਵੀ ਹਨ, ਅਤੇ ਆਪਣੀ ਸ਼ਕਤੀ ਦੁਆਰਾ ਉਨ੍ਹਾਂ ਕਾਰਨਾਂ ਨੂੰ ਮਿਟਾਉਂਦੇ ਵੀ ਹਨ। ਉਹ ਜਾਪ ਪਾਠ ਨਾਲ ਦੁਖ ਦੂਰ ਹੋਣ ਵਾਲੀ ਚੀਜ਼ ਨਹੀਂ ਸਮਝਦੇ। ਤੇਜ ਸਿੰਘ ਨੇ ਦੋ ਸੌ ਰੁਪਈਏ ਦਾਨ ਦਿੱਤਾ।

24.10.05 ਏਥੇ ਸਵੇਰੇ 10 ਵਜੇ ਲੋਕਲ Senior Sec School ਦੇ 20 ਦੇ ਕਰੀਬ ਜਨਾਂ ਨੂੰ (8-10 ਲੇਡੀ ਟੀਚਰ ਵੀ ਸਨ) ਲੈ ਕੇ ਇਕ ਘੰਟਾ ਸਭਾ ਕਰਾਈ। ਬਹੁਤ ਸਾਰੇ ਟੀਚਰਾਂ ਨੇ ਸਵਾਲ ਪੁੱਛੇ, ਜਿਨਾਂ ਦੇ ਢੁਕਵੇ ਉੱਤਰ ਦੇ ਕੇ ਉਨਾਂ ਨੂੰ ਸੰਤੁਸ਼ਟ ਕੀਤਾ। ਮੁਖ ਵਿਸ਼ਾ ਇਹ ਸੀ ਕਿ ਮਨੁੱਖ ਨੂੰ ਕੋਣ ਚਲਾਉਂਦਾ ਹੈ? ਟੀਚਰ ਸਾਹਿਬਾਨ ਚੰਗੇ ਪ੍ਰਭਾਵਤ ਹੋਏ। ਸਭ ਟੀਚਰਾਂ ਨੂੰ 30-35 ਦੇ ਕਰੀਬ ਹਿਤਕਰ ਪੁਸਤਕਾਂ ਵੀ ਦਿੱਤੀਆਂ ਗਈਆਂ। ਇਸ ਪ੍ਰਕਾਰ ਇਹ ਸੰਗਰਾਮ ਕਿਸੇ ਹਦ ਤਕ ਲਾਭ ਦਾਇਕ ਹੋਇਆ।

ਗੋਨਿਅਣਾ ਮੰਡੀ : ਸ਼ਾਮ ਨੂੰ ਸ਼੍ਰੀਮਾਨ ਬਲਦੇਵ ਸਿੰਘ ਜੀ ਨੇ ਏਥੇ ਪੁੱਜ ਕੇ ਸਭਾ ਕਰਾਈ। ਸਭਾ ਵਿੱਚ 24-25 ਇਸਤਰੀ ਪੁਰਖ ਆ ਕੇ ਸ਼ਾਮਲ ਹੋਏ। ਮੁਖਤਿਆਰ ਸਿੰਘ ਜੀ ਮਹਿਮਾ ਸਵਾਈ ਤੋਂ, ਪ੍ਰੀਤਮ ਸਿੰਘ ਜੀ ਨੇਹੀਆਂ ਵਾਲਾ ਤੋਂ ਆਉਂਦੇ ਰਹੇ। ਸਭਾ ਵਿੱਚ ਦੱਸਿਆ ਗਿਆ ਕਿ ਮਨੁੱਖ ਨੂੰ ਆਪਣੀਆਂ ਚਾਲਕ ਸ਼ਕਤੀਆਂ ਦਾ ਗਿਆਨ ਹੋਣਾ ਜਰੂਰੀ ਹੈ। ਇਸ ਗਿਆਨ ਤੋਂ ਬਿਨਾ ਇਨਸਾਨੀ ਜੀਵਨ ਖਤਰੇ ਵਿੱਚ ਰਹਿੰਦਾ ਹੈ। ਗੁਰੂ ਮਹਾਰਾਜ ਅਧਿਕਾਰੀ ਜਨਾਂ ਨੂੰ ਇਹ ਗਿਆਨ ਦਿੰਦੇ ਹਨ ਤੇ ਵਿਨਾਸ਼ਕਾਰੀ ਭਾਂਵਾਂ ਤੋਂ ਮੁਕਤ ਕਰਦੇ ਹਨ। ਸਭਾ ਦੋ ਘੰਟੇ ਦੇ ਕਰੀਬ ਜਾਰੀ ਰਹੀ।

24.10.05 ਦੀ ਸਵੇਰੇ 8.00 ਵਜੇ ਸਭਾ ਹੋਈ। ਇਸ ਵਿੱਚ ਕੇਵਲ 12-14 ਜਨ ਹੀ ਆ ਕੇ ਸ਼ਾਮਲ ਹੋਏ। ਇਸ ਵਿੱਚ ਦੱਸਿਆ ਗਿਆ ਕਿ ਕਿਵੇਂ ਦੇਵ-ਆਤਮਾ ਦਾ ਸਬੰਧ ਮਨੁੱਖੀ ਜੀਵਨ ਲਈ ਪਰਮ ਆਵਸ਼ਕ ਹੈ। ਹਵਾ, ਪਾਣੀ ਵਾਂਗ ਮਨੁੱਖੀ ਹਸਤੀ ਦੀ ਰਖਿਆ ਤੇ ਵਿਕਾਸ ਲਈ ਇਹ ਸੰਬਧ ਪਰਮ-ਆਵਸ਼ਕ ਹੈ। ਇਸ ਸਬੰਧ ਤੋਂ ਬਿਨਾਂ ਹਰ ਮਨੁੱਖ ਅਸੁਰਖਿਅਤ ਹੈ। ਹਾਨੀ ਤੇ ਨਾਸ਼ ਨੂੰ ਪ੍ਰਾਪਤ ਹੋਣ ਲਈ ਹੈ। ਦੱਸਿਆ ਗਿਆ ਕਿ ਕਿਵੇਂ ਦੇਵ-ਆਤਮਾ ਦਾ ਸਬੰਧ, ਮੁਖ ਵਸਤੂ ਆਤਮਾ ਨੂੰ ਦਰਸਾਉਂਦਾ ਹੈ। ਉਸ ਦੇ ਜੀਵਨ ਲਕਸ਼ ਨੂੰ ਦਰਸਾਉਂਦਾ ਹੈ। ਦੁਖਦਾਈ ਤੇ ਵਿਨਾਸ਼ਕਾਰੀ ਸ਼ਕਤੀਆਂ ਨੂੰ ਦਿਖਾਉਂਦਾ ਹੈ ਤੇ ਉਨ੍ਹਾਂ ਤੋਂ ਮੁਕਤ ਕਰਦਾ ਹੈ। ਜੀਵਨ ਵਰਧਕ ਭਾਵਾਂ ਨੂੰ ਪੈਦਾ ਕਰਦਾ ਹੈ।

ਰਾਤ ਦੀ ਸਭਾ ਵਿੱਚ 14-15 ਇਸਤਰੀ ਪੁਰਖਾਂ ਦੀ ਹਾਜਰੀ ਸੀ। ਇਸ ਸਭਾ ਵਿੱਚ ਦਸਿਆ ਗਿਆ ਕਿ ਚੰਗਾ ਬਨਣਾ ਹੀ ਧਰਮ ਹੁੰਦਾ ਹੈ। ਜਿਸ ਦਾ ਜੀਵਨ ਚੰਗਾ ਨਹੀ, ਜਿਸ ਦਾ ਵਿਹਾਰ ਚੰਗਾ ਨਹੀਂ, ਉਹ ਧਰਮ ਵਾਨ ਨਹੀਂ। ਚੰਗੇ ਬਨਣ ਲਈ ਮੋਟੇ ਪਾਪ ਕਰਮ ਛਡਣੇ ਪੈਂਦੇ ਹਨ। ਸਾਰੇ ਪਾਪ ਕਰਮਾਂ ਦੇ ਉਦਾਹਰਣ ਦਿੱਤੇ ਗਏ। ਚੰਗੇ ਬਣਨ ਲਈ ਈਮਾਨਦਾਰ ਤੇ ਪਵਿੱਤਰ ਹੋਣਾ ਜ਼ਰੂਰੀ ਹੈ। ਕੇਵਲ ਰਾਮ ਨਾਮ ਜਪਣ ਨਾਲ ਜਾਂ ਬਾਣੀ ਪੜ੍ਹਣ ਨਾਲ ਚੰਗਾ, ਜਾ ਧਰਮ ਵਾਨ ਨਹੀਂ ਬਣਿਆਂ ਜਾਂਦਾ। ਸਬੰਧਾਂ ਵਿੱਚ ਚੰਗਾ ਹੋ ਕੇ ਧਰਮ ਆਉਂਦਾ ਹੈ। ਚੰਗੀ ਸੰਤਾਨ, ਚੰਗਾ ਭੈਣ ਭਰਾ, ਚੰਗੇ ਪਤੀ-ਪਤਨੀ ਬਣੇ ਬਿਨਾ ਧਰਮ ਵਾਨ ਨਹੀ ਬਣਿਆਂ ਜਾ ਸਕਦਾ। ਨੀਚ ਭਾਵਾਂ ਨੂੰ ਮਿਟਾ ਕੇ ਮੰਦਾ ਪਣ ਜਾਂਦਾ ਹੈ। ਉੱਚ ਭਾਵ ਹੀ ਬੰਦੇ ਨੂੰ ਚੰਗਾ ਬਨਾਉਂਦੇ ਹਨ। ਗੁਰੂ ਮਹਾਰਾਜ ਆਪਣੇ ਪ੍ਰਭਾਵਾਂ ਦਾ ਦਾਨ ਅਧਿਕਾਰੀ ਮਨੁਖਾਂ ਨੂੰ ਚੰਗਾ

ਇਨਸਾਨ ਬਣਾ ਕੇ ਧਰਮ ਦਾ ਦਾਨ ਦਿੰਦੇ ਹਨ।

26.10.05 ਦੀ ਸਵੇਰ ਦੀ ਸਭਾ ਏਥੇ, ਆਖਰੀ ਸਭਾ ਸੀ। ਇਸ ਵਿਚ ਕੇਵਲ 12-13 ਜਨ ਆਕੇ ਸ਼ਾਮਲ ਹੋਏ। ਇਸ ਵਿੱਚ ਦੱਸਿਆ ਗਿਆ ਕਿ ਸਭ ਮਨੁੱਖ ਕੈਦੀ ਹਨ, ਬੰਦੀ ਤੇ ਗੁਲਾਮ ਹਨ। ਮਨੁੱਖ ਚਾਰ ਚੀਜਾਂ ਦਾ ਕੈਦੀ ਹੈ। ਸੰਗ, ਸੰਸਕਾਰ, ਅਭਿਆਸ ਤੇ ਨੀਚ ਸੁਖ ਲਾਲਸਾਵਾਂ ਦਾ ਕੈਦੀ ਹੈ। ਕੈਦ ਦਾ ਜੀਵਨ ਬੰਦਸ਼, ਗੁਲਾਮੀ ਤੇ ਘਾਟੇ ਦਾ ਜੀਵਨ ਹੁੰਦਾ ਹੈ। ਉਪ੍ਰੋਕਤ ਕੈਦ ਕਾਰਨ ਸਾਡੀ ਬੋਲੀ, ਵੇਸ਼-ਭੂਸ਼ਾ, ਰਹਿਣ-ਸਹਿਣ, ਰਸਮ ਰਵਾਜ, ਵਿਸ਼ਵਾਸ, ਧਰਮ ਪੂਜਾ ਦੁਆ ਹੁੰਦੀ ਹੈ। ਅਸੀਂ ਆਪਣੀ ਕੈਦ ਤੋਂ ਬਾਹਰ ਹੋਕੇ ਸੋਚ ਨਹੀਂ ਸਕਦੇ। ਠੀਕ ਗਲਤ, ਖਰਾਬ ਠੀਕ ਨੂੰ ਵੇਖ ਨਹੀਂ ਸਕਦੇ। ਅਸੀਂ ਆਪਣੇ ਵੇਸ਼-ਭੂਸ਼ਾ, ਬੋਲੀ ਰਸਮ ਰਵਾਜਾਂ ਤੇ ਪੂਜਾ ਪਾਠ ਨੂੰ ਪੂਰਨ ਠੀਕ ਵਿਸ਼ਵਾਸ਼ ਕਰਦੇ ਹਾਂ। ਏਸੇ ਕਾਰਨ ਦੂਜਿਆਂ ਦੇ ਨਾਲ ਟਕਰਾਉਂਦੇ ਹਾਂ, ਹਾਨੀਆਂ ਉਠਾਉਂਦੇ ਹਾਂ। ਗੁਰੂ ਮਹਾਰਾਜ ਯੋਗ ਮਨੁੱਖ ਨੂੰ ਉਪ੍ਰੋਕਤ ਕੈਦ ਦਿਖਾਉਂਦੇ ਵੀ ਹਨ, ਉਸ ਤੋਂ ਮੁਕਤ ਵੀ ਕਰਦੇ ਹਨ। ਹਾਜ਼ਰੀਨ ਵਲੋਂ 310 ਰੁਪਯੇ ਦਾਨ ਮਿਲਿਆ। 200 ਰੁਪੈ ਚੰਦਾ ਅਖ਼ਬਾਰ ਮਿਲਿਆ।

ਇਸ ਪ੍ਰਕਾਰ ਏਥੇ ਸੰਗਰਾਮ ਕੁੱਝ ਹੱਦ ਸਫਲ ਹੋਇਆ।

ਕਲਿਆਣ :- 26.10.05 ਦੀ ਸ਼ਾਮ ਨੂੰ ਕਲਿਆਣ ਪੁੱਜ ਕੇ ਸ਼੍ਰੀਮਾਨ ਜੀ ਨੇ ਸਭਾ ਕਰਾਈ। 17-18 ਇਸਤਰੀ ਪੁਰਖ ਸਭਾ ਵਿੱਚ ਆ ਕੇ ਸ਼ਾਮਲ ਹੋਏ। ਸਭਾ ਵਿੱਚ ਦੇਵ-ਆਤਮਾ ਦੇ ਦਰ ਦੇ ਨਾਲ ਜੁੜਣ ਦੇ ਸੁਭਾਗ ਤੇ ਬਰਕਤਾਂ ਬਾਰੇ ਦੱਸਿਆ ਗਿਆ। ਇਸ ਸੰਗਤ ਤੋਂ ਕਿਸੇ ਵੀ ਕਾਰਨ ਦੂਰ ਹੋਣ ਦੇ ਘਾਟੇ ਦੱਸੇ ਗਏ।

27 ਤਾਰੀਖ ਦੀ ਸਵੇਰੇ ਸਭਾ ਹੋਈ। 12-14 ਜਨ ਸ਼ਾਮਲ ਹੋਏ। ਇਸ ਵਿੱਚ ਦੱਸਿਆ ਗਿਆ ਕਿ ਸਾਰੀ ਦੁਨੀਆਂ ਵਿੱਚ ਦੁਖ ਦਾ ਤੂਫਾਨ ਛਾਇਆ ਹੋਇਆ ਹੈ। ਦੁੱਖ ਨੂੰ ਦੂਰ ਕਰਨ ਲਈ, ਵਿੱਦਿਆ, ਧਨ, ਪਦਵੀ, ਤਾਕਤ ਆਦਿ ਸਹਾਈ ਨਹੀਂ ਹੋ ਸਕਦੇ। ਆਪਣੇ ਅੰਦਰ ਦੇ ਦੋਸ਼ਾਂ ਕਾਰਨ ਵੀ ਦੁੱਖ ਹੁੰਦਾ ਹੈ। ਜੇ ਕਰ ਉਹ ਨਜ਼ਰ ਆਉਣ ਲੱਗ ਜਾਣ ਤਾਂ ਦੁਖ ਘੱਟ ਸਕਦਾ ਹੈ। ਦੇਵ-ਆਤਮਾ ਦੀ ਰੋਸ਼ਨੀ ਆਪਣੇ ਨੁਕੱਸ ਤੇ ਦੋਸ਼ ਦਖਾਉਂਦੀ ਹੈ ਅਤੇ ਅਧਿਕਾਰੀਆਂ ਦੇ ਅਨੁਚਿਤ ਦੁਖ ਦੂਰ ਕਰਦੀ ਹੈ, ਉਚਿਤ ਸੁਖ ਪ੍ਰਦਾਨ ਕਰਦੀ ਹੈ।

ਰਾਤ ਦੀ ਸਭਾ ਵਿੱਚ ਹਾਜਰੀ ਚੰਗੀ ਸੀ, ਸਭਾ ਵਿੱਚ ਦੱਸਿਆ ਗਿਆ ਕਿ ਸਾਨੂੰ ਦੂਜਿਆਂ ਦੇ ਦੋਸ਼ ਨਜ਼ਰ ਆ ਜਾਂਦੇ ਹਨ। ਆਪਣੇ ਨੁਕਸ, ਆਪਣੀਆਂ ਕਮੀਆਂ ਬਿਲਕਲ ਨਜ਼ਰ ਨਹੀਂ ਆਉਂਦੀਆਂ। ਦੂਜਿਆਂ ਪ੍ਰਤੀ ਕੀਤੇ ਅਪਮਾਨ ਅਤੇ ਦਿੱਤੇ ਦੁੱਖ ਸਾਨੂੰ ਯਾਦ ਨਹੀਂ ਆਉਂਦੇ। ਇਸ ਅੰਧੇਰੇ ਵਿੱਚ ਸਾਡੀ ਆਤਮਾ ਦੇ ਜੀਵਨ ਦੀ ਹਾਨੀ ਹੁੰਦੀ ਰਹਿੰਦੀ ਹੈ।

28.10.05 ਦੀ ਸਵੇਰ ਦੀ ਸਭਾ ਵਿੱਚ ਦੱਸਿਆ ਗਿਆ ਕਿ ਮਨੁੱਖ ਦੇ ਦੁਖ ਘਟਾਉਣ ਵਾਲਾ ਸ਼ੁਕਰਗੁਜਾਰੀ ਦਾ ਸਾਧਨ ਹੈ। ਹਰ ਆਦਮੀ ਦਾ ਦੁਖੀ ਹੋਣਾ ਸੁਭਾਵਕ ਹੈ। ਦੁੱਖ ਘਟਾਉਣ ਦਾ, ਡੀਪ੍ਰੈਸ਼ਨ ਘਟਾਉਣ ਦਾ ਸਾਧਨ ਆਪਣੇ ਉਪਕਾਰੀਆਂ ਦੇ ਉਪਕਾਰ ਸਿਮਰਣ ਕਰਨਾ ਹੈ। ਇਸ ਨਾਲ ਸੁਖ, ਰਸ ਤੇ ਆਨੰਦ ਵੀ ਆਉਂਦਾ ਹੈ। ਧਰਮ ਵੀ ਆਉਂਦਾ ਹੈ। ਆਤਮਾ ਦਾ ਵੀ ਬੇਹਦ ਭਲਾ ਹੁੰਦਾ ਹੈ। ਸਭਾ ਪਤੀ ਨੇ ਗੁਰੂ ਦੇ ਆਪਣੇ ਤੇ ਹੋਏ ਕੁਝ ਉਪਕਾਰ ਭਰੇ ਦਿਲ ਨਾਲ ਬਾਰ-ਬਾਰ ਗੁਰੂ ਅੱਗੇ ਝੁਕ ਝੁਕ ਕੇ ਬਿਆਨ ਕੀਤੇ। ਫੇਰ ਸ਼੍ਰੀ ਤੇਜ ਰਾਮ ਜੀ ਨੇ ਆਪਣੇ ਮਾਤਾ-ਪਿਤਾ, ਭਾਈ, ਮਾਸਟਰਾਂ ਦੇ ਉਪਕਾਰ ਬਿਆਨ ਕੀਤੇ। ਬੜਾ ਹਿੱਤਕਰ ਤੇ ਅਸਰਦਾਇਕ ਵਾਤਾਵਰਨ ਬਣਿਆਂ। ਸਭ ਨੂੰ ਪ੍ਰਭਾਵਿਤ ਹੋਣ ਦਾ ਅਵਸਰ ਮਿਲਿਆ।

ਰਾਤ ਨੂੰ ਫੇਰ ਇਕ ਸਭਾ ਹੋਈ। ਇਕ ਜਨ ਬਰਨਾਲੇ ਤੋਂ ਆਕੇ ਸ਼ਾਮਲ ਹੋਏ। ਸਭਾ ਵਿੱਚ ਦੱਸਿਆ ਗਿਆ ਕਿ ਗੁਰੂ ਮਹਾਰਾਜ ਮਨੁੱਖ ਨੂੰ ਸਬੰਧਾਂ ਵਿੱਚ ਜਿਉਣਾ ਸਖਾਉਂਦੇ ਹਨ। ਸਬੰਧਾਂ ਵਿੱਚ ਹਿਤਕਰ ਮੇਲ ਲਿਆਉਣ ਦੇ ਤਰੀਕੇ ਮਹਾਰਾਜ ਨੇ ਸਮਝਾਏ ਹਨ। ਪ੍ਰਣਾਮ ਕਰਨਾ, ਗੁਣਾਂ ਨੂੰ ਵੇਖਣਾ ਤੇ ਉਨ੍ਹਾਂ ਸ੍ਹਾਂਵੇ ਝੁਕਣਾ, ਮੇ ਹਰਬਾਨੀਆਂ ਨੂੰ ਯਾਦ ਕਰਨਾ ਤੇ ਉਸ ਰਿਣ ਨੂੰ ਉਤਾਰਨ ਵਿੱਚ ਲਗਣਾ, ਦੂਜੇ ਦੇ ਦੁਖਾਂ ਵਿੱਚ ਦੁਖੀ ਹੋਣਾ, ਆਪਣੀਆਂ ਗਲਤੀਆਂ ਲਈ ਖਿਮਾਂ ਮੰਗਣਾ। ਮਹਾਰਾਜ ਦੀ ਫੋਟੋ ਨੂੰ ਪ੍ਰਣਾਮ ਕਰਨ ਬਾਰੇ ਵੀ ਦੱਸਿਆ ਗਿਆ।

29.10.05 ਦੀ ਸਵੇਰੇ ਫੇਰ ਸਭਾ ਕੀਤੀ ਗਈ। ਇਸ ਵਿੱਚ 13/14 ਜਨਾਂ ਨੇ ਆ ਕੇ ਲਾਭ ਉਠਾਇਆ।

ਸਭਾ ਵਿੱਚ ਦੱਸਿਆ ਗਿਆ ਕਿ ਮਨੁੱਖ ਅੱਖਾਂ ਰੱਖ ਕੇ, ਵਿਦਿਆ ਬੁੱਧੀ ਰੱਖ ਕੇ, ਪਦਵੀ ਰਖ ਕੇ ਵੀ ਹਨੇਰੇ ਵਿੱਚ ਰਹਿੰਦਾ ਹੈ ਤੇ ਹਾਨੀਆਂ ਉਠਾਉਂਦਾ ਹੈ। ਹਾਜਰੀਨ ਦੇ ਇਕ ਇਕ ਜਨ ਨੂੰ ਸੰਬੋਧਨ ਕਰਕੇ ਹਨੇਰਾ ਦਿਖਾਉਣ ਦਾ ਜਤਨ ਕੀਤਾ ਗਿਆ। ਧਨ ਦੀ ਮਹਾਨਤਾ ਬਾਰੇ ਕਿਵੇਂ ਸਾਰੇ ਸੰਸਾਰ ਨੂੰ ਹਨੇਰਾ ਹੈ। ਇਸ ਦੀ ਗੁਲਾਮੀ ਇਲਾਜ ਕਰਨ ਨਹੀਂ ਦਿੰਦੀ। ਕਮਾਈ ਦੇ ਸਾਧਨ ਬਾਰੇ ਹਨੇਰਾ ਸਮਝਾਇਆ ਗਿਆ। ਆਪਣੇ ਹਨੇਰੇ ਬਾਰੇ ਦੱਸ ਕੇ ਹਾਜਰੀਨ ਨੂੰ ਸਮਝਾਇਆ ਗਿਆ। ਸਭਾ ਕਾਫੀ ਦਿਲਚਸਪ ਬਣ ਗਈ। ਸਭਾ ਵਿਚ ਨਾ ਆਕੇ ਲਾਭ ਦੇਖਣਾ ਵੀ ਹਨੇਰਾ ਹੈ। ਕਈ ਹਾਨੀ ਕਾਰਕ ਵਸਤਾਂ ਦੁਕਾਨ ਤੇ ਬੇਚਣਾ ਤੇ ਇਹ ਸਮਝਣਾ ਕਿ ਇਹ ਚੀਜ਼ਾਂ ਨਾ ਬੇਚੀਆਂ ਤਾਂ ਬਹੁਤ ਘਾਟਾ ਪੈ ਜਾਵੇਗਾ, ਇਸ ਅੰਧਕਾਰ ਬਾਰੇ ਵੀ ਦੱਸਿਆ ਗਿਆ। ਨਿੱਜ ਦੇ ਸਾਧਨ ਕਰਨ ਦੀ ਵੀ ਪ੍ਰੇਰਨਾ ਕੀਤੀ ਗਈ।

ਮੋਗਾ:- ਸ਼ਾਮ ਨੂੰ ਸ਼੍ਰੀਮਾਨ ਜੀ ਨੇ ਏਥੇ ਸਭਾ ਕਰਾਈ। ਏਥੇ 2 ਪਰਿਵਾਰਾਂ ਨੂੰ ਲੈਕੇ ਸਭਾ ਕਰਾਈ। ਸਭ ਜਨ ਪੜ੍ਹੇ ਲਿਖੇ ਸਨ। ਸਭਾ ਵਿਚ ਦੱਸਿਆ ਗਿਆ ਕਿ ਮਨੁੱਖ ਨੂੰ ਅਪਣੀਆਂ ਚਾਲਕ ਸ਼ਕਤੀਆਂ ਬਾਰੇ ਸਾਫ ਰੋਸ਼ਨੀ ਮਿਲਨੀ ਚਾਹੀਦੀ ਹੈ। ਨਹੀਂ ਤਾਂ ਮਨੁਖ ਖਤਰੇ ਦੇ ਵਿਚ ਹੀ ਰਹਿੰਦਾ ਹੈ । ਆਪਣੀ ਹਾਨੀਕਾਰਕ ਪ੍ਰਕ੍ਰਿਤੀ ਤੋਂ ਅਨਜਾਨ ਰਹਿ ਕੇ ਮਨੁੱਖ ਬਹੁਤ ਹਾਨੀ ਤੇ ਘਾਟੇ ਵਿਚ ਰਹਿੰਦਾ ਹੈ। ਆਪਣੇ ਆਪ ਮਨੁੱਖ ਆਪਣੀਆਂ ਚਾਲਕ ਸ਼ਕਤੀਆਂ ਨੂੰ ਵੇਖਣ ਤੋਂ ਅਸਮਰਥ ਹੈ। ਦੇਵ-ਆਤਮਾ ਦੀ ਜੋਤੀ ਦੀ ਸਹਾਇਤਾ ਨਾਲ ਹੀ ਮਨੁੱਖ ਨੂੰ ਆਪਣੀਆਂ ਚਾਲਕ ਸ਼ਕਤੀਆਂ ਦੀ ਸੋਝੀ ਪ੍ਰਾਪਤ ਹੁੰਦੀ ਹੈ।

30.10.05 ਦੀ ਸਵੇਰੇ ਦੀ ਸਭਾ ਵਿੱਚ ਵੀ 3 ਪਰਿਵਾਰਾਂ ਦੇ 8 ਜਨ ਆ ਕੇ ਸ਼ਾਮਲ ਹੋਏ। ਇੱਥੇ ਭੀ ਹਨੇਰੇ ਬਾਰੇ ਸਮਝਾਇਆ ਗਿਆ। ਖਾਣ ਪੀਣ ਸਬੰਧੀ ਹਨੇਰਾ, ਸੈਰ ਵਰਜਿਸ਼ ਸਬੰਧੀ ਅੰਧੇਰਾ, ਸਿੱਖਿਆ ਸਬੰਧੀ ਹਨੇਰਾ, ਸਿੱਖਿਆ ਦੇ ਕਈ ਵਿਸ਼ਿਆ ਸਬੰਧੀ ਹਨੇਰਾ, ਕਮਾਈ ਜਾਂ ਆਰਥਕ ਗੱਲਾਂ ਸਬੰਧੀ ਹਨੇਰਾ, ਆਪਣੇ ਸੁਭਾਅ ਸਬੰਧੀ ਹਨੇਰਾ, ਪਦਾਰਥਾਂ ਸਬੰਧੀ ਹਨੇਰਾ, ਜੀਵਨ ਲਖਸ਼ ਸਬੰਧੀ ਹਨੇਰਾ, ਆਤਮਾ ਸਬੰਧੀ ਹਨੇਰਾ ਸਮਝਾਇਆ ਗਿਆ। ਆਪਣੇ ਅੰਧਕਾਰ ਦੇ ਬਾਰ ਬਾਰ ਉਦਾਹਰਣ ਦੇ ਕੇ ਸਮਝਾਇਆ ਗਿਆ। ਗੁਰੂ ਦੇ ਸਬੰਧ ਬਾਰੇ ਦੱਸਿਆ ਗਿਆ। ਜਿਸ ਨਾਲ ਸਭ ਨੇ ਲਾਭ ਮਹਿਸੂਸ ਕੀਤਾ। ਅਤੇ 3-4 ਜਨਾਂ ਨੇ ਬਾਰ ਬਾਰ ਧੰਨਵਾਦ ਦਿੱਤਾ ਅਤੇ ਫੇਰ ਵੀ ਛੇਤੀ ਛੇਤੀ ਸਭਾ ਰਖਣ ਦੀ ਪ੍ਰਾਰਥਨਾ ਕੀਤਾ।

ਸਮਰਾਲਾ :- ਇਸ ਸਥਾਨ ਤੇ ਸ਼੍ਰੀਮਾਨ ਜੀ ਨੇ ਸ਼ਾਮ ਦੇ ਸਮੇਂ ਇਕ ਸਭਾ ਸ਼੍ਰੀਮਾਨ ਨਾਇਬ ਸਿੰਘ ਦੇ ਪਰਿਵਾਰ ਨੂੰ ਲੈਕੇ ਕਰਵਾਈ ਗਈ। ਇਕ ਲੇਡੀ ਟੀਚਰ ਹੋਰ ਵੀ ਸ਼ਾਮਿਲ ਹੋਈ। ਸਭਾ ਵਿਚ ਮਨੁੱਖ ਦੇ ਅੰਦਰ ਵਿੱਦਿਆ, ਬੁੱਧੀ, ਪਦ, ਪ੍ਰਭੁਤਵ ਅਤੇ ਅਨੁਭਵ ਹੋਣ ਦੇ ਬਾਵਜੂਦ ਵੀ ਬਹੁਤ ਅੰਧਕਾਰ ਕਹਿੰਦਾ ਹੈ। ਆਪਣੇ ਆਤਮਾ ਅਤੇ ਸੁਭਾਉ ਦੇ ਪ੍ਰਤੀ ਤਾਂ ਸਾਰਾ ਸੰਸਾਰ ਹੀ ਲਗਭਗ ਅੰਧਕਾਰ ਵਿਚ ਰਹਿੰਦਾ ਹੈ। ਸਭ ਨੇ ਸਭਾ ਵਿੱਚ ਦਿਲਚਸਪੀ ਮਹਿਸੂਸ ਕੀਤੀ ਅਤੇ ਬਾਰ-ਬਾਰ ਜਲਦੀ ਆ ਕੇ ਸਭਾ ਰਖਣ ਦੇ ਲਈ ਪ੍ਰਾਰਥਨਾ ਕੀਤੀ। ਇਸ ਤੋਂ ਬਾਅਦ ਸ਼੍ਰੀਮਾਨ ਜੀ ਚੰਡੀਗੜ੍ਹ ਦੇ ਲਈ ਵਾਪਿਸ ਆ ਗਏ।

ਆਰੰਭਿਕ ਦਿਨ:

16 ਨਵੰਬਰ 2005 ਨੂੰ ਆਰੰਭਿਕ ਦਿਨ ਹੈ। ਇਸ ਦਿਨ ਨੂੰ ਪਾਕ ਖੁਸ਼ੀਆਂ ਦੇ ਨਾਲ ਭਰ ਕੇ ਮਨਾਉਣਾ ਚਾਹੀਦਾ ਹੈ। ਗੁਰੂ ਮਹਿਮਾਂ ਦੇ ਗੀਤ ਸਵੇਰੇ ਗਾਕੇ ਅਤੇ ਪ੍ਰਭਾਤ ਫੇਰੀਆਂ ਕਰਕੇ ਅਤੇ ਸਾਧਨ ਕਰਕੇ ਏਹਨਾਂ ਦਿਨਾਂ ਨੂੰ ਜਿਆਦਾ ਤੋਂ ਜਿਆਦਾ ਸਫਲ ਬਨਉਣਾ ਚਾਹੀਦਾ ਹੈ।

-ਮੰਤਰੀ

Regd. Postal No.Pb (0049s) 2003
Regd. with Registrar News Paper No. 69112/88

ਅਮ੍ਰਿਤਾ ਪ੍ਰੀਤਮ ਨਹੀਂ ਰਹੀ

ਵਿਖਆਤ ਲੇਖਿਕਾ ਤੇ ਪੰਜਾਬੀ ਸਾਹਿਤ ਨੂੰ ਨਵੀਂ ਨੁਹਾਰ ਪ੍ਰਦਾਨ ਕਰਨ ਵਾਲੀ ਜਗਤ ਪ੍ਰਸਿੱਧ ਮਹਾਨ ਮਹਿਲਾ ਲੇਖਿਕਾ 86 ਸਾਲ ਦੀ ਉਮਰ ਵਿੱਚ ਦਿੱਲੀ ਆਪਣੇ ਗ੍ਰਿਹ ਵਿਖੇ ਦੀਵਾਲੀ ਤੋਂ ਪਹਿਲੀ ਰਾਤ ਚਲਾਨਾ ਕਰ ਗਈਆਂ। ਆਪ ਆਖਿਰੀ ਸਮੇਂ ਤਕ ਰੋਗ-ਬਿਸਤਰ ਤੇ ਪਏ ਹੋ ਕੇ ਵੀ ਕਵਿਤਾ ਰਚਦੀਆਂ ਰਹੀਆਂ।

ਸਾਹਿੱਤ ਦੇ ਖੇਤਰ ਅੰਦਰ ਉਨ੍ਹਾਂ ਸੌ ਤੋਂ ਵੀ ਵੱਧ ਪੁਸਤਕਾਂ ਰੱਚੀਆਂ। ਸਾਹਿੱਤ ਅਕੈਡਮੀ ਦੇ ਅਵਾਰਡ ਤੋਂ ਛੁੱਟ ਬਹੁਤ ਉਘੇ ਮਾਨ ਵਿਦੇਸ਼ਾ ਤੋਂ ਵੀ ਪ੍ਰਾਪਤ ਕੀਤੇ।

ਉਹ ਗੁਜਰਾਂ ਵਾਲੇ ਵਿੱਚ 1919 ਵਿੱਚ ਪੈਦਾ ਹੋਈਆਂ ਤੇ ਸੋਲਾਂ ਸਾਲ ਦੀ ਉਮਰ ਵਿੱਚ ਪਹਿਲੀ ਪੁਸਤਕ ਛਾਪ ਦਿੱਤੀ। ਉਹ ਖੁਲ੍ਹੇ ਤੇ ਆਜਾਦ ਖਿਆਲ ਦੀਆਂ ਮਾਲਿਕ ਸਨ। 39 ਸਾਲ ਦੀ ਉਮਰ ਵਿੱਚ ਉਨ੍ਹਾਂ ਦੀ ਇਮਰੋਜ ਪੇਂਟਿੰਗ ਕਲਾ ਦੇ ਧਨੀ ਨਾਲ ਮੁਲਾਕਾਤ ਹੋ ਗਈ। ਇਹ ਦੋ ਰੂਹਾਂ ਦਾ ਅਨੋਖਾ ਜਿਹਾ ਮੇਲ, ਉਨ੍ਹਾਂ ਆਖਿਰੀ ਸਾਹਾਂ ਤੱਕ ਨਿਭਾਇਆ। ਅਮ੍ਰਿਤਾ ਜੀ ਨੂੰ ਦੋਵੇਂ ਪੰਜਾਬ ਢੇਰ ਚਿਰ੍ਹਾਂ ਤੱਕ ਭੁੱਲ ਨਹੀਂ ਸਕਣਗੇ।

ਜੇਕਰ ਤੁਹਾਡੇ ਅੰਦਰ Feeling ਮੌਜੁਦ ਹੋਵੇ ਤਾ ਤੁਸੀਂ ਕੰਮ ਕਰੇ ਬਗੈਰ ਨਹੀਂ ਰਹਿ ਸਕਦੇ। ਜੇਕਰ Feeling ਹੋਵੇ ਤਦ ਲੋਕਾਂ ਦੇ ਮਿੱਥਿਆ ਵਿਸ਼ਵਾਸ਼ ਦੂਰ ਹੋਣਗੇ, ਪਾਪ ਦੂਰ ਹੋਣਗੇ। ਸੇਵਕ ਅਤੇ ਸ਼ਰਧਾਲੂ ਬਨਣਗੇਂ ਆਦਿ, ਐਪਰ ਜੇਕਰ Feeling ਨਾ ਹੋਵੇ ਤਾਂ ਕੀ ਕੰਮ ਹੋਵੇਗਾ।

— ਦੇਵ ਆਤਮਾ

Printer, Publisher & Owned By Shriman Baldev Singh, House No. 3154, Sector 21-D, Chandigarh,

ਮੰਤਰੀ-ਦੇਵ-ਧਰਮ-ਮਿਸ਼ਨ ਨੇ Surya Laser Den, Chandigarh ਤੋਂ ਛਪਵਾਇਆ ਹੈ, ਐਡੀਟਰ ਬਲਦੇਵ ਸਿੰਘ।

Book Post